





# ਸਿੱਖਿਆ ਦਾ ਬਦਲਦਾ ਰੂਪ:
## ਨਵੀਂ ਸਿੱਖਿਆ ਨੀਤੀ ਦੇ ਸੰਦਰਭ ਵਿਚ



**ਡਾ. ਸਰਬਜੀਤ ਸਿੰਘ**
ਅਸਿਸਟੈਂਟ ਪ੍ਰੋਫੈਸਰ
ਪੋਸਟ ਗ੍ਰੈਜੂਏਟ
ਪੰਜਾਬੀ ਵਿਭਾਗ
ਖ਼ਾਲਸਾ ਕਾਲਜ
ਪਟਿਆਲਾ
94176-26925
sarbsidhu39
@yahoo.in

ਸਿੱਖਿਆ ਨੀਤੀ ਨੂੰ ਜੇਕਰ ਸਮਕਾਲੀ ਨਜ਼ਰੀਏ ਤੋਂ ਦੇਖਣਾ ਹੋਵੇ ਤਾਂ ਇਹ ਨਵੀਂ ਸਿੱਖਿਆ ਨੀਤੀ ਜਗਿਆਸਾ ਪੈਦਾ ਕਰ ਰਹੀ ਹੈ। ਇਸ ਨੀਤੀ ਦੇ ਅੰਤਰਗਤ ਚਾਰ ਸਾਲਾ ਡਿਗਰੀ ਕੋਰਸਾਂ ਨੂੰ ਤਵੱਜੋਂ ਦੇਣ ਦੀ ਗੱਲ ਕੀਤੀ ਗਈ ਹੈ ਜਿਸ ਦਾ ਸਿੱਧਾ ਫਾਇਦਾ ਵਿਦਿਆਰਥੀ ਨੂੰ ਭਾਰਤ ਅਤੇ ਵਿਦੇਸ਼ ਵਿਚ ਹੋਵੇਗਾ ਕਿਉਂਕਿ ਵਿਦੇਸ਼ ਵਿਚ ਚਾਰ ਸਾਲਾ ਡਿਗਰੀ ਪ੍ਰੋਗਰਾਮ ਨੂੰ ਤਵੱਜੋਂ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਨਵੀਂ ਸਿੱਖਿਆ ਨੀਤੀ ਵਿਚ ਮਾਤ-ਭਾਸ਼ਾਵਾਂ ਦੀ ਸਿੱਖਿਆ 'ਤੇ ਵਧੇਰੇ ਜ਼ੋਰ ਦੇਣ ਲਈ ਕਿਹਾ ਗਿਆ ਹੈ। ਮਾਤ-ਭਾਸ਼ਾ ਦੀ ਪ੍ਰਫੁੱਲਤਾ ਲਈ ਪਹਿਲੀਆਂ ਪੰਜ ਜਮਾਤਾਂ ਦੀ ਪੜ੍ਹਾਈ ਮਾਤ-ਭਾਸ਼ਾ ਵਿਚ ਲਾਜ਼ਮੀ ਕਰਨ ਦੀ ਗੱਲ ਕਹੀ ਗਈ ਹੈ। ਇਸ ਤੋਂ ਇਲਾਵਾ ਵਿਦਿਆਰਥੀ ਮਾਸਟਰ ਡਿਗਰੀ ਇਕ ਸਾਲ ਵਿਚ ਕਰ ਸਕਦਾ ਹੈ। ਇਸ ਲਈ ਨਵੀਂ ਸਿੱਖਿਆ ਨੀਤੀ ਜਿੱਥੇ ਕੁਝ ਨਵੀਆਂ ਚੁਣੌਤੀਆਂ ਲੈ ਕੇ ਆਈ ਹੈ ਉਥੇ ਹੀ ਨਾਲ-ਨਾਲ ਕੁਝ ਨਵੇਂ ਬਦਲਾਅ ਵੀ ਲੈ ਕੇ ਆਈ ਹੈ ਜੋ ਸਮਾਜ ਲਈ ਲਾਹੇਵੰਦ ਸਾਬਤ ਹੋਣਗੇ। ਇਹ ਨਵੀਂ ਸਿੱਖਿਆ ਨੀਤੀ ਸਮਾਜ ਦੇ ਲਈ ਕਿਸ ਤਰ੍ਹਾਂ ਉਪਯੋਗੀ ਹੋਵੇਗੀ ਅਤੇ ਉਹ ਕਿਹੜੇ ਕਾਰਨ ਹੋਣਗੇ ਜੋ ਇਸ ਸਿੱਖਿਆ ਨੀਤੀ ਦੀ ਕਾਰਜ-ਸ਼ੈਲੀ ਨੂੰ ਪ੍ਰਭਾਵਿਤ ਕਰਨਗੇ, ਇਸ ਉਪਰ ਡੂੰਘੀ ਵਿਚਾਰ ਚਰਚਾ ਕਰਨ ਹਿੱਤ ਇਸ ਖੋਜ-ਪੱਤਰ ਨੂੰ ਤੁਹਾਡੇ ਸਨਮੁੱਖ ਕੀਤਾ ਜਾ ਰਿਹਾ ਹੈ। ਪੂਰੇ ਭਾਰਤ ਦੇ ਸਿੱਖਿਆ ਸ਼ਾਸਤਰੀ ਅਤੇ ਵੱਖ-ਵੱਖ ਸੰਸਥਾਵਾਂ ਨਵੀਂ ਸਿੱਖਿਆ ਨੀਤੀ ਬਾਰੇ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਕਰ ਰਹੇ ਹਨ। ਨਵੀਂ ਸਿੱਖਿਆ ਨੀਤੀ ਬਾਰੇ ਸਰਕਾਰੀ ਖਰੜਾ ਅਤੇ ਵੱਖ-ਵੱਖ ਸਿੱਖਿਆ ਸ਼ਾਸਤਰੀਆਂ ਦੀ ਰਾਇ ਨੂੰ ਤੁਹਾਡੇ ਸਨਮੁੱਖ ਕਰਕੇ ਇਹ ਦੇਖਣ ਦੀ ਕੋਸ਼ਿਸ਼ ਕਰਦੇ ਹਾਂ ਕਿ ਕੀ ਇਸ ਸਿੱਖਿਆ ਨੀਤੀ ਨਾਲ ਸੱਚਮੁੱਚ ਹੀ ਦੇਸ਼ ਦੀ ਸਿੱਖਿਆ ਪ੍ਰਣਾਲੀ ਦਾ ਸੱਚਮੁੱਚ ਭਲਾ ਹੋ ਸਕਦਾ ਹੈ? ਸਾਡੀ ਸਿੱਖਿਆ ਪ੍ਰਣਾਲੀ ਬਹੁਤ ਹੀ ਪੁਰਾਣੀ ਹੈ ਅਤੇ ਵਿਸ਼ਵ ਦੇ ਵਿਚ ਮੰਨੀ ਪ੍ਰਮੰਨੀ ਹੈ, ਜਿਵੇਂ-ਜਿਵੇਂ ਸਮਾਂ ਬੀਤਦਾ ਜਾ ਰਿਹਾ ਹੈ ਉਵੇਂ-ਉਵੇਂ ਸਿੱਖਿਆ ਦੀ ਕਾਰਜ-ਵਿਧੀ ਵਿਚ ਕੁਝ ਨਵੇਂ ਬਦਲਾਅ ਆਏ ਹਨ। ਜਦੋਂ ਅਸੀਂ ਉੱਚ ਸਿੱਖਿਆ ਦੀ ਗੱਲ ਕਰਦੇ ਹਾਂ ਤਾਂ ਇਸ 'ਚ ਸੁਧਾਰ ਹਿੱਤ ਪਿਛਲੇ ਕਈ ਸਾਲਾਂ ਤੋਂ ਸਰਕਾਰ ਵੱਲੋਂ ਯਤਨ ਚੱਲ ਰਹੇ ਹਨ। ਉੱਚ ਸਿੱਖਿਆ ਵਿਚ ਸੁਧਾਰ ਲਈ ਕਿਹੜੇ-ਕਿਹੜੇ ਪਹਿਲੂ ਹੋ ਸਕਦੇ ਹਨ? ਇਸ ਤਰ੍ਹਾਂ ਦੀਆਂ ਚਰਚਾਵਾਂ 'ਤੇ ਬਹੁਤ ਵਾਰੀ ਕੰਮ ਕੀਤਾ ਜਾ ਚੁੱਕਾ ਹੈ। ਮੌਜੂਦਾ ਸਮੇਂ ਵਿਚ ਵਕਤ ਦੀਆਂ ਚੁਣੌਤੀਆਂ ਅਨੁਸਾਰ ਆਨਲਾਈਨ ਸਿੱਖਿਆ ਦੀ ਜ਼ਰੂਰਤ ਮਹਿਸੂਸ ਹੋਈ। ਉੱਚ ਸਿੱਖਿਆ ਵਿਚ ਸੁਧਾਰ ਵਜੋਂ ਆਨਲਾਈਨ ਸਿੱਖਿਆ ਇਕ ਚੰਗਾ ਬਦਲ ਹੋ ਸਕਦੀ ਹੈ, ਪਰ ਇਹ ਕੁਝ ਸਮੇਂ ਲਈ ਤਾਂ ਠੀਕ ਹੈ ਪਰ ਜੇਕਰ ਅਸੀਂ ਇਸ ਤਰ੍ਹਾਂ ਮੰਨ ਲਈਏ ਕਿ ਪੂਰੇ ਦਾ ਪੂਰਾ ਢਾਂਚਾ ਆਨਲਾਈਨ ਸਿੱਖਿਆ

ਉੱਪਰ ਨਿਰਭਰ ਹੋ ਜਾਵੇ ਤਾਂ ਇਸ ਵਿਚ ਕੁਝ ਚੁਣੌਤੀਆਂ ਹਨ। ਇਸ ਖੋਜ-ਪੱਤਰ ਵਿਚ ਸਾਡਾ ਉਦੇਸ਼ ਉੱਚ ਸਿੱਖਿਆ ਦੇ ਸੁਧਾਰ ਵਿਚ ਨਵੀਂ ਸਿੱਖਿਆ ਨੀਤੀ ਦੀ ਭੂਮਿਕਾ ਬਾਰੇ ਗੱਲ ਕਰਨਾ ਹੈ। ਇਸ ਸਿੱਖਿਆ ਨੀਤੀ ਬਾਰੇ ਅਖਬਾਰ, ਵਿਦਵਾਨ ਅਤੇ ਵਿਦਿਆਰਥੀ ਕੀ ਸੋਚਦੇ ਹਨ ਅਤੇ ਉਸ ਵਿਚਾਰ ਚਰਚਾ ਦੇ ਕੁਝ ਅਹਿਮ ਤੱਥ ਹਨ ਜੋ ਇਸ ਪ੍ਰਕਾਰ ਹਨ :

ਨਵੀਂ ਸਿੱਖਿਆ ਨੀਤੀ ਬਾਰੇ ਪੰਜਾਬੀ ਜਾਗਰਣ ਅਖਬਾਰ ਦੀ ਸੰਪਾਦਕੀ (10 ਦਸੰਬਰ 2020) ਵਿਚ ਇਸ ਦੇ ਬਾਰੇ ਵਿਸਥਾਰ ਪੂਰਵਕ ਗੱਲ ਕੀਤੀ ਗਈ ਹੈ:

> ਦੇਸ਼ 'ਚ ਨਵੀਂ ਸਿੱਖਿਆ ਨੀਤੀ ਸਦਕਾ ਸਕੂਲੀ ਤੇ ਉੱਚ ਸਿੱਖਿਆ, ਦੋਵਾਂ ਪੱਧਰਾਂ 'ਤੇ ਵੱਡੇ ਸੁਧਾਰਾਂ ਦੀ ਆਸ ਹੈ। ਸਰਕਾਰ ਦਾ ਦਾਅਵਾ ਹੈ ਕਿ ਨਵੀਂ ਰਾਸ਼ਟਰੀ ਸਿੱਖਿਆ ਨੀਤੀ ਦਾ ਉਦੇਸ਼ ਭਾਰਤ ਨੂੰ ਗਿਆਨ ਆਧਾਰਿਤ ਉਦਯੋਗਿਕ ਸਮਾਜ ਬਣਾਉਣਾ ਹੈ। ਸਕੂਲ ਪੱਧਰ 'ਤੇ 8 ਸਾਲ ਦੀ ਉਮਰ ਦੇ ਬੱਚਿਆਂ ਲਈ ਅਰਲੀ ਚਾਈਲਡਹੁੱਡ ਕੇਅਰ ਐਂਡ ਐਜੂਕੇਸ਼ਨ (ਈ.ਸੀ.ਸੀ.ਈ.) ਤੋਂ ਲੈ ਕੇ ਬੱਚੇ ਦੇ ਸਮੁੱਚੇ ਵਿਕਾਸ 'ਤੇ ਜ਼ੋਰ ਦਿੱਤਾ ਗਿਆ ਹੈ। ਉਂਜ ਭਾਵੇਂ ਸਿੱਖਿਆ ਨੀਤੀ ਹਰ ਦਸ ਤੋਂ ਪੰਦਰਾਂ ਸਾਲਾਂ ਬਾਅਦ ਬਣਾਈ ਜਾਣੀ ਚਾਹੀਦੀ ਹੈ ਪਰ ਇਸ ਵਾਰ ਇਸ ਨੂੰ ਬਣਾਉਣ 'ਚ 34 ਸਾਲ ਲੱਗ ਗਏ। ਆਜ਼ਾਦੀ ਤੋਂ ਬਾਅਦ ਹੁਣ ਤਕ ਦੇਸ਼ ਨੂੰ ਤਿੰਨ ਸਿੱਖਿਆ ਨੀਤੀਆਂ ਮਿਲੀਆਂ ਹਨ। ਸਕੂਲੀ ਸਿੱਖਿਆ 'ਚ ਕੀਤੇ ਬਦਲਾਅ ਤਹਿਤ ਹੁਣ 10+2 ਸਿਸਟਮ ਖ਼ਤਮ ਹੋ ਜਾਵੇਗਾ। ਬੱਚੇ 6 ਦੀ ਬਜਾਏ 3 ਸਾਲ ਦੀ ਉਮਰ ਤੋਂ ਸਕੂਲ ਜਾਣਾ ਸ਼ੁਰੂ ਕਰ ਦੇਣਗੇ। ਹੁਣ ਤਕ ਬੱਚੇ 6 ਸਾਲ ਦੀ ਉਮਰ 'ਚ ਪਹਿਲੀ ਜਮਾਤ 'ਚ ਜਾਂਦੇ ਸਨ। ਨਵੀਂ ਸਿੱਖਿਆ ਨੀਤੀ ਲਾਗੂ ਹੋਣ ਤੋਂ ਬਾਅਦ ਵੀ ਬੱਚੇ 6 ਸਾਲਾਂ 'ਚ ਪਹਿਲੀ ਜਮਾਤ 'ਚ ਹੀ ਹੋਣਗੇ ਪਰ ਪਹਿਲੇ 3 ਸਾਲ ਉਹ ਰਸਮੀ ਸਿੱਖਿਆ ਹਾਸਲ ਕਰਨਗੇ। ਇਹ ਚੰਗੀ ਗੱਲ ਹੈ ਕਿਉਂਕਿ ਪਹਿਲਾਂ ਬੱਚਾ ਸਿੱਧਾ ਸਕੂਲ ਆਉਂਦਾ ਸੀ ਪਰ ਉਸ ਸਮੇਂ ਉਹ ਮਾਨਸਿਕ ਤੌਰ 'ਤੇ ਪੜ੍ਹਨ ਲਈ ਤਿਆਰ ਨਹੀਂ ਸੀ ਹੁੰਦਾ। ਹੁਣ ਪ੍ਰੀ-ਸਕੂਲ ਦੇ ਤਿੰਨ ਸਾਲ ਬਾਅਦ ਜੇ ਉਹ ਪਹਿਲੀ ਵਿਚ ਆਉਂਦਾ ਹੈ ਤਾਂ ਮਾਨਸਿਕ ਸਿਖਲਾਈ ਲਈ ਪਹਿਲਾਂ ਨਾਲੋਂ ਵਧੇਰੇ ਤਿਆਰ ਹੋਵੇਗਾ। ਪਹਿਲਾਂ ਆਰ.ਟੀ.ਈ. 6 ਤੋਂ 14 ਸਾਲ ਦੇ ਬੱਚਿਆਂ ਲਈ ਲਾਗੂ ਸੀ। ਹੁਣ ਇਹ 3 ਤੋਂ 18 ਸਾਲ ਦੇ ਬੱਚਿਆਂ ਲਈ ਲਾਗੂ ਹੋ ਜਾਵੇਗਾ। ਸਕੂਲੀ ਸਿੱਖਿਆ ਦੀ ਇਕ ਹੋਰ ਅਹਿਮ ਕੜੀ ਭਾਸ਼ਾ ਹੈ। ਨਵੀਂ ਸਿੱਖਿਆ ਨੀਤੀ 'ਚ 3 ਭਾਸ਼ਾਵਾਂ ਦਾ ਫਾਰਮੂਲਾ ਰੱਖਿਆ ਗਿਆ ਹੈ। ਪੰਜਵੀਂ ਜਮਾਤ ਤਕ ਮਾਂ-ਬੋਲੀ/ਸਥਾਨਕ ਭਾਸ਼ਾ 'ਚ ਸਿੱਖਿਆ ਦੀ ਗੱਲ ਕਹੀ ਗਈ ਹੈ। ਇਹ ਵੀ ਕਿਹਾ ਗਿਆ ਹੈ ਕਿ ਇਸ ਪ੍ਰਕਿਰਿਆ ਨੂੰ 8ਵੀਂ ਜਮਾਤ ਤਕ ਅਪਣਾਇਆ ਜਾਣਾ ਚਾਹੀਦਾ ਹੈ। ਜਿੱਥੇ ਸੰਭਵ ਹੋਵੇ, ਸੰਸਕ੍ਰਿਤ ਦੇ ਨਾਲ-ਨਾਲ ਤਾਮਿਲ, ਤੇਲਗੂ ਅਤੇ ਕੰਨੜ ਵਰਗੀਆਂ ਭਾਰਤੀ ਭਾਸ਼ਾਵਾਂ 'ਚ ਅਧਿਐਨ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਮਾਂ-ਬੋਲੀ ਵਿਚ ਪੜ੍ਹਾਉਣਾ ਵੀ ਚੰਗਾ ਕਦਮ ਹੈ। ਘਰੇਲੂ ਭਾਸ਼ਾ ਨੂੰ ਸਕੂਲ ਦੀ ਭਾਸ਼ਾ ਬਣਾਉਣਾ ਬਹੁਤ ਲਾਭਕਾਰੀ ਹੋਵੇਗਾ। ਨਵੀਂ ਸਿੱਖਿਆ ਨੀਤੀ ਲਾਗੂ ਕਰਨ ਤੋਂ ਪਹਿਲਾਂ ਸਰਕਾਰ ਨੂੰ ਸਕੂਲਾਂ ਦੇ ਮੂਲ ਢਾਂਚੇ 'ਤੇ ਕੰਮ ਕਰਨ ਦੀ ਜ਼ਰੂਰਤ ਹੈ। ਜੇਕਰ ਸੂਬੇ ਦੇ ਸਰਕਾਰੀ ਸਕੂਲਾਂ ਦੀ ਗੱਲ ਕਰੀਏ ਤਾਂ ਉਨ੍ਹਾਂ ਦੀ ਹਾਲਤ ਬੇਹੱਦ ਖ਼ਰਾਬ ਹੈ। ਉਮੀਦ ਹੈ ਕਿ ਸਰਕਾਰ ਇਸ ਨੂੰ ਲਾਗੂ ਕਰਨ ਦੇ ਨਾਲ-ਨਾਲ ਸਕੂਲਾਂ ਦੀ ਹਾਲਤ ਸੁਧਾਰਨ ਵੱਲ ਵੀ ਜ਼ਰੂਰ ਧਿਆਨ ਦੇਵੇਗੀ।[1]

ਨਵੀਂ ਸਿੱਖਿਆ ਨੀਤੀ ਦੇ ਕੁਝ ਖ਼ਦਸ਼ਿਆਂ ਬਾਰੇ ਨਵੀਂ ਦੁਨੀਆ ਅਖ਼ਬਾਰ (12 ਅਕਤੂਬਰ 2020) ਵਿਚ ਮੱਖਣ ਕੁਹਾੜ ਨੇ ਇਹ ਵਿਚਾਰ ਚਰਚਾ ਕੀਤੀ ਹੈ :

> ਨਵੀਂ ਸਿਖਿਆ ਨੀਤੀ 5+3+3+4 'ਤੇ ਅਧਾਰਿਤ ਹੈ। ਤਿੰਨ ਸਾਲ ਤੋਂ ਅੱਠ ਸਾਲ ਤਕ ਦੇ ਪੰਜ ਸਾਲ, ਪ੍ਰੀ ਪ੍ਰਾਇਮਰੀ ਦੇ ਹੋਣਗੇ ਅਤੇ ਇਹ ਸਿਖਿਆ ਆਂਗਣਵਾੜੀ ਸੈਂਟਰਾਂ ਅਧੀਨ ਹੋਵੇਗੀ। ਨੌਂ ਸਾਲ ਤੋਂ ਗਿਆਰਾਂ ਸਾਲ ਦੇ ਤਿੰਨ ਸਾਲ, ਪ੍ਰਾਇਮਰੀ ਵਿਚ ਪੜ੍ਹਾਇਆ ਜਾਵੇਗਾ। ਇਸ ਨੀਤੀ ਅਨੁਸਾਰ ਕੰਪਲੈਕਸ ਸਕੂਲ ਹੋਣਗੇ ਅਤੇ 10 ਕਿਲੋਮੀਟਰ ਦੇ ਘੇਰੇ ਵਿਚਲੇ ਸਕੂਲਾਂ ਦਾ ਪ੍ਰਬੰਧ ਚਲਾਉਣਗੇ। ਜਿਥੇ 20 ਤੋਂ ਘੱਟ ਬੱਚੇ ਹੋਣਗੇ, ਉਹ ਸਕੂਲ ਬੰਦ ਕਰ ਦਿਤੇ

ਜਾਣਗੇ ਅਤੇ ਉਸ ਪਿੰਡ ਦੇ ਸਕੂਲ ਦੇ ਬੱਚਿਆਂ ਨੂੰ ਕੰਪਲੈਕਸ ਸਕੂਲ ਵਿਚ ਲਿਜਾਇਆ ਜਾਵੇਗਾ। ਪ੍ਰਾਇਮਰੀ ਤਕ ਦੀ ਸਿਖਿਆ ਉਸ ਦੀ ਮਾਂ ਬੋਲੀ/ਖੇਤਰੀ ਬੋਲੀ ਵਿਚ ਦਿੱਤੀ ਜਾਵੇਗੀ।ਵਿਸ਼ਵ ਦੀਆਂ 100 ‘ਉਤਮ' ਯੂਨੀਵਰਸਿਟੀਆਂ ਨੂੰ ਭਾਰਤ ਵਿਚ ਆਪਣੇ ਕੈਂਪ ਖੋਲ੍ਹਣ ਦੀ ਇਜ਼ਾਜਤ ਦਿੱਤੀ ਜਾਵੇਗੀ। ਸਿਖਿਆ ਵਿਚ ਵੱਧ ਤੋਂ ਵੱਧ ਵਿਦੇਸ਼ੀ ਨਿਵੇਸ਼ ਕਰਾਇਆ ਜਾਵੇਗਾ ਅਤੇ ਕਾਰਪੋਰੇਟ ਸੈਕਟਰ ਤੇ ਹੋਰ ਦਾਨੀਆਂ ਨੂੰ ਦਾਨ ਕਰਨ ਲਈ ਵੀ ਪ੍ਰੇਰਿਆ ਜਾਵੇਗਾ। ਇਸ ਨੀਤੀ ਵਿਚ ਪੀ.ਪੀ.ਪੀ. (ਸਰਕਾਰੀ ਤੇ ਨਿੱਜੀ ਭਾਈਵਾਲੀ) ਦਾ ਜ਼ਿਕਰ ਕੀਤਾ ਗਿਆ ਹੈ। ਨਿਜੀ ਸਕੂਲਾਂ, ਕਾਲਜਾਂ ਤੇ ਧਾਰਮਿਕ ਗੁਰੂ ਕਲਾਂ, ਮਦਰਸਿਆਂ ਆਦਿ ਦੇ ਸਕੂਲਾਂ ਨੂੰ ਖੇਡ ਮੈਦਾਨ ਲਾਇਬ੍ਰੇਰੀ, ਲੈਬੋਟਰੀ, ਹਵਾਦਾਰ ਕਮਰੇ ਤੋਂ ਵੀ ਛੋਟ ਦੇਣ ਦੀ ਗੱਲ ਕਰਦਿਆਂ ਉਨ੍ਹਾਂ ‘ਤੇ ਲਗਭਗ ਸਾਰੀਆਂ ਪਾਬੰਦੀਆਂ ਖ਼ਤਮ ਕਰਨ ਦੀ ਗੱਲ ਕੀਤੀ ਹੈ। ਦਾਨੀ ਕਾਰਪੋਰੇਟ ਘਰਾਣਿਆਂ ਨੂੰ ਸਿਖਿਆ ਵਿਚ ਦਾਨ ਕਰਨ ਲਈ ਪ੍ਰੇਰਿਆ ਜਾਵੇਗਾ। ਸਿਖਿਆ ਨੀਤੀ ਵਿਚ ਸਾਇੰਸ ਦਾ ਵਿਦਿਆਰਥੀ ਨਾਲੋ-ਨਾਲ ਆਰਟਸ ਵੀ ਪੜ ਸਕੇਗਾ। ਐਮ.ਬੀ.ਬੀ.ਐਸ ਕਰ ਰਿਹਾ ਵਿਦਿਆਰਥੀ ਨਾਲ-ਨਾਲ ਆਯੂਰਵੈਦਿਕ ਤੇ ਹੋਰ ਏ.ਵਾਈ. ਯੂ.ਐਸ.ਐਚ (ਅਯੂਸ਼) ਵਾਲੀਆਂ ਅਯੂਰਵੈਦਿਕ ਯੂਨਾਨੀ, ਹੋਮਿਉਪੈਥੀ ਆਦਿ ਪੈਥੀਆਂ ਵੀ ਪੜ੍ਹੇਗਾ। ਬੀ.ਐਡ. ਵੀ ਚਾਰ ਸਾਲ ਦੀ ਭਾਵ ਕਾਲਜ ਦੀ ਚਾਰ ਸਾਲਾ ਪੜ੍ਹਾਈ ਨਾਲ ਚਲੇਗੀ। ਐਮ.ਫਿਲ ਖ਼ਤਮ ਹੋਵੇਗੀ ਅਤੇ ਐਮ.ਏ ਇਕ ਸਾਲ ਦੀ ਹੋਵੇਗੀ। ਤਿੰਨ ਭਾਸ਼ਾਈ ਫਾਰਮੂਲਾ ਮਾਂ-ਬੋਲੀ ਹਿੰਦੀ ਤੇ ਅੰਗਰੇਜ਼ੀ ਨਾਲੋਂ-ਨਾਲ ਚਲੇਗਾ, ਉਥੇ ਛੋਟੀਆਂ ਕਲਾਸਾਂ ਤੋਂ ਹੀ ਪਹਿਲਾਂ ਦੋ ਤੇ ਫੇਰ ਤਿੰਨ ਹੋਰ ਕਲਾਸੀਕਲ ਭਾਸ਼ਾਵਾਂ ਪੜ੍ਹਨੀਆਂ ਹੋਣਗੀਆਂ। ਉਨ੍ਹਾਂ ਵਿਚ ਮਲਿਆਲਮ, ਤੇਲਗੂ, ਉੜੀਸਾ, ਤਾਮਿਲ, ਕੰਨੜ, ਸੰਸਕ੍ਰਿਤ, ਪਾਲੀ ਆਦਿ ਹਨ। ਸੰਸਕ੍ਰਿਤ ਨੂੰ ਕੇਰਲ, ਤਾਮਿਲਨਾਡੂ, ਕਰਨਾਟਕ, ਆਂਧਰਾ ਪ੍ਰਦੇਸ ਤੇ ਉੜੀਸਾ ਦੇ ਛੇ ਉਪਰੋਕਤ ਕਲਾਸੀਕਲ ਭਾਸ਼ਾਵਾਂ ਵਾਲੇ ਰਾਜਾਂ ਤੋਂ ਬਿਨਾਂ ਬਾਕੀ ਸਭ ਰਾਜਾਂ ਲਈ ਸੰਸਕ੍ਰਿਤ ਪੜ੍ਹਨੀ ਲਾਜ਼ਮੀ ਹੋਵੇਗੀ। 3000 ਤੋਂ ਉਪਰ ਗਿਣਤੀ ਵਾਲੇ ਕਾਲਜ ਹੀ ਕਾਇਮ ਰਹਿ ਸਕਣਗੇ। ਆਉਣ ਵਾਲੇ 20 ਸਾਲਾਂ ਵਿਚ 300 ਖੋਜ ਯੂਨੀਵਰਸਿਟੀਆਂ, 2000 ਟੀਚਿੰਗ ਯੂਨੀਵਰਸਿਟੀਆਂ ਅਤੇ 10,000 ਖ਼ੁਦ-ਮੁਖਤਿਆਰ ਕਾਲਜ ਹੀ ਹੋਣਗੇ। ਇਨ੍ਹਾਂ ਯੂਨੀਵਰਸਿਟੀਆਂ ਵਿਚ ਘਟੋ ਘੱਟ 5 ਤੋਂ 25 ਹਜ਼ਾਰ ਅਤੇ ਕਾਲਜਾਂ ਵਿਚ 2 ਤੋਂ 5 ਹਜ਼ਾਰ ਵਿਦਿਆਰਥੀ ਹੋਣਗੇ।[2]

ਨਵੀਂ ਸਿੱਖਿਆ ਨੀਤੀ ਦੇ ਖਰੜੇ ਬਾਰੇ ਲਲਕਾਰ (16 ਜੂਨ 2019) ਵਿਚ ਪਾਵੇਲ ਨੇ ਆਪਣੀ ਇਹ ਰਾਏ ਦਿੱਤੀ ਹੈ ਜੋ ਇਸ ਪ੍ਰਕਾਰ ਹੈ:

ਇਸ ਸਿੱਖਿਆ ਨੀਤੀ ਕਾਰਨ ਆਉਣ ਵਾਲ਼ੇ ਸਮੇਂ ਦੌਰਾਨ ਵੱਡੇ ਪੱਧਰ ’ਤੇ ਭਾਰਤੀ ਵਿੱਦਿਅਕ ਢਾਂਚੇ ਵਿਚ ਬਦਲਾਅ ਆਉਣਗੇ। ਦਰਅਸਲ ਸਿੱਖਿਆ ਨੀਤੀਆਂ ਰਾਜ ਕਰ ਰਹੀ ਜਮਾਤ, ਜਿਸ ਦਾ ਪੈਦਾਵਾਰ ਦੇ ਸਾਧਨਾਂ ’ਤੇ ਕਬਜ਼ਾ ਹੁੰਦਾ ਹੈ, ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਘੜੀਆਂ ਜਾਂਦੀਆਂ ਹਨ। ਭਾਰਤ ਦੀ ਗੱਲ ਕਰੀਏ ਤਾਂ ਹੁਣ ਤੱਕ ਜਿੰਨੀਆਂ ਵੀ ਸਿੱਖਿਆ ਨੀਤੀਆਂ ਭਾਰਤੀ ਸਮਾਜ ’ਤੇ ਅਮਲ ਵਿਚ ਲਿਆਂਦੀਆਂ ਗਈਆਂ ਹਨ, ਬਰਤਾਨਵੀ ਹਕੂਮਤ ਵੇਲੇ ਮੈਕਾਲੇ ਦੀ ਸਿੱਖਿਆ ਨੀਤੀ (1835) ਜਾਂ ਹੰਟਰ ਕਮੀਸ਼ਨ (1882-83) ਤੋਂ ਲੈਕੇ ਸੰਨ ‘47 ਤੋਂ ਬਾਅਦ ਦੀਆਂ ਸਿੱਖਿਆ ਨੀਤੀਆਂ ਕੋਠਾਰੀ ਕਮਿਸ਼ਨ (1964-66) ਜਾਂ 1986 ਅਤੇ 1992 ਦੀ ਸਿੱਖਿਆ ਨੀਤੀ ਤੱਕ, ਇਹ ਸਭ ਭਾਰਤ ’ਤੇ ਰਾਜ ਕਰ ਰਹੀਆਂ ਜਮਾਤਾਂ ਭਾਵੇਂ ਉਹ ਬਰਤਾਨਵੀ ਸਰਮਾਏਦਾਰ ਹੋਣ ਜਾਂ ਭਾਰਤੀ ਸਰਮਾਏਦਾਰ, ਦੇ ਹਿੱਤਾਂ ਨੂੰ ਪੂਰਦੀਆਂ ਆਈਆਂ ਹਨ। ਜਿਉਂ ਹੀ ਹਾਕਮ ਜਮਾਤਾਂ ਦੀਆਂ ਲੋੜਾਂ ਦੀ ਤਰਜੀਹ ਬਦਲ ਜਾਂਦੀ ਹੈ, ਉਸੇ ਵੇਲੇ ਨਵੀਂ ਸਿੱਖਿਆ ਨੀਤੀ ਘੜਨ ਦੀ ਲੋੜ ਪੈ ਜਾਂਦੀ ਹੈ। ਇਸ ਪੱਖੋਂ ਇਕ ਪਾਸੇ ਜੋ ਸਿੱਖਿਆ ਨੀਤੀ ਦਾ ਖਰੜਾ ਪੇਸ਼ ਕੀਤਾ ਗਿਆ ਹੈ ਉਹ ਅਤੀਤ ਦੀਆਂ ਸਿੱਖਿਆ ਨੀਤੀਆਂ ਦੀ ਲਗਾਤਾਰਤਾ ਹੀ ਹੈ ਉਸ ਵਿਚ ਕੁਝ ਵੀ ਅਜਿਹਾ ਨਹੀਂ ਹੈ ਜਿਸ ’ਤੇ ਹੈਰਾਨ ਹੋਇਆ ਜਾਵੇ। ਪਿਛਲੀਆਂ ਕੁਝ ਸਿੱਖਿਆ ਨੀਤੀਆਂ ਵਿਚੋਂ ਮੁੱਖ

ਸਿੱਖਿਆ ਨੀਤੀ 1992 ਵਾਲ਼ੀ ਜੋ ਨਿੱਜੀਕਰਨ-ਉਦਾਰੀਕਰਨ ਦੀਆਂ ਨੀਤੀਆਂ ਦੇ ਅਮਲ ਵਿਚ ਲਿਆਉਣ ਦੌਰਾਨ ਪੇਸ਼ ਕੀਤੀ ਗਈ ਸੀ। ਜਿਸ ਵਿਚ ਵਿੱਦਿਅਕ ਢਾਂਚੇ ਦਾ ਨਿੱਜੀਕਰਨ-ਵਪਾਰੀਕਰਨ ਕਰਨ ਦੀ ਨਿਉਂ ਰੱਖੀ ਗਈ ਸੀ ਉਸ ਨੂੰ ਇਕ ਲੰਮਾ ਅਰਸਾ ਹੋ ਚੁੱਕਿਆ ਹੈ। ਵਿੱਦਿਅਕ ਢਾਂਚੇ ਦੇ ਇਕ ਵੱਡੇ ਹਿੱਸੇ ਦਾ ਭੋਗ ਪੈ ਚੁੱਕਿਆ ਹੈ। ਇਸ ਸਿੱਖਿਆ ਨੀਤੀ ਵਿਚ ਵੀ ਅਤੀਤ ਦੀ ਇਸ ਲਗਾਤਾਰਤਾ ਨੂੰ ਬਰਕਰਾਰ ਰੱਖਦੇ ਹੋਏ ਨਿੱਜੀਕਰਨ ਵਪਾਰੀਕਰਨ ਨੂੰ ਅੰਜਾਮ ਤੱਕ ਪਹੁੰਚਾਉਣ ਅਤੇ ਆਖ਼ਰੀ ਸੱਟ ਮਾਰਨ ਦੀ ਪੂਰੀ ਯੋਜਨਾ ਉਲੀਕੀ ਗਈ ਹੈ।[3]

ਇਹ ਕੁਝ ਤੱਥ ਹਨ ਜੋ ਉਜਾਗਰ ਕਰਦੇ ਹਨ ਕਿ ਅਸਲ ਵਿਚ ਨਵੀਂ ਸਿੱਖਿਆ ਨੀਤੀ ਲਾਗੂ ਹੋਣ ‘ਤੇ ਕਿਹੜੀਆਂ ਕਿਹੜੀਆਂ ਸਮੱਸਿਆਵਾਂ ਦਰਪੇਸ਼ ਹੋ ਸਕਦੀਆਂ ਹਨ। ਉਹ ਕਿਹੜੀਆਂ ਚੁਣੌਤੀਆਂ ਹਨ ਜੋ ਇਸ ਦੇ ਸਨਮੁੱਖ ਦਰਪੇਸ਼ ਹੋਣਗੀਆਂ ਅਤੇ ਉਨ੍ਹਾਂ ਨੂੰ ਵਿਚਾਰਨ ਹਿੱਤ ਸਰਕਾਰ ਦਾ ਕੀ ਕਦਮ ਹੋਵੇਗਾ। ਜਦੋਂ ਵੀ ਕੋਈ ਨਵਾਂ ਪ੍ਰਬੰਧ ਸਮਾਜ ਵਿਚ ਆਉਂਦਾ ਹੈ ਤਾਂ ਉਸ ਸਬੰਧੀ ਬਹੁਤ ਸਾਰੇ ਤੌਖ਼ਲੇ ਜਾਂ ਪ੍ਰਸ਼ਨ ਲੋਕਾਂ ਦੇ ਜ਼ਿਹਨ ਵਿਚ ਹੁੰਦੇ ਹਨ, ਜਿਨ੍ਹਾਂ ਦਾ ਨਿਵਾਰਨ ਕਰਨਾ ਜਾਂ ਉਨ੍ਹਾਂ ਬਾਰੇ ਵਿਚਾਰ-ਚਰਚਾ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਖੋਜ-ਪੱਤਰ ਦੇ ਮਾਧਿਅਮ ਰਾਹੀਂ ਉਹ ਸਾਰੇ ਨਕਾਰਾਤਮਕ ਤੇ ਸਕਾਰਾਤਮਕ ਪੱਖ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਖੋਜ-ਪੱਤਰ ਵਿਚ ਨਵੀਂ ਸਿੱਖਿਆ ਨੀਤੀ ਅਨੁਸਾਰ, ਉੱਚ ਸਿੱਖਿਆ ਵਿਚ ਸੁਧਾਰ ਵਜੋਂ ਆਨਲਾਈਨ ਸਿੱਖਿਆ ਨੂੰ ਬਦਲ ਮੰਨਣ ਵਿਚ ਕਾਫੀ ਪ੍ਰੋੜਤਾ ਕੀਤੀ ਗਈ ਹੈ। ਇਸ ਲਈ ਅਸੀਂ ਇਸ ਪੱਖ ‘ਤੇ ਖੁੱਲ੍ਹ ਕੇ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਅੱਜ ਦੇ ਯੁੱਗ ਵਿਚ ਸਿੱਖਿਆ ਇਕ ਇੰਡਸਟਰੀ ਦੀ ਤਰ੍ਹਾਂ ਬਣ ਚੁੱਕੀ ਹੈ ਜੋ ਕਿ ਵੱਖ-ਵੱਖ ਖੇਤਰਾਂ ਵਿਚ ਸੇਵਾਵਾਂ ਅਤੇ ਸਕੀਮਾਂ ਪ੍ਰਦਾਨ ਕਰ ਰਹੀ ਹੈ। ਸਿੱਖਿਆ ਨੇ ਵਿਅਕਤੀ ਨੂੰ ਬਹੁਤ ਵੱਡੇ ਪੱਧਰ 'ਤੇ ਜਾਗਰੂਕ ਕੀਤਾ ਹੈ। ਸਿੱਖਿਆ ਨੇ ਹੀ ਦੱਸਿਆ ਹੈ ਕਿ ਵਿਅਕਤੀ ਨੂੰ ਕਿਹੜੇ ਕੋਰਸ ਕਰਨੇ ਚਾਹੀਦੇ ਹਨ ਤੇ ਕਿਹੜੇ ਕੋਰਸ ਦਾ ਕੀ ਫਾਇਦਾ ਹੈ? ਆਧੁਨਿਕ ਸਿੱਖਿਆ ਪ੍ਰਣਾਲੀ ਪੱਛਮੀ ਦੇਸ਼ਾਂ ਅਤੇ ਭਾਰਤੀ ਕਦਰਾਂ-ਕੀਮਤਾਂ ਦਾ ਸੁਮੇਲ ਹੈ। “ਅਜੋਕੇ ਸਮੇਂ ਵਿਚ ਤਕਨਾਲੋਜੀ ਦੇ ਦੌਰ ਵਿਚ ਸਿੱਖਿਆ ਪ੍ਰਣਾਲੀ ਜਿੱਥੇ ਲੋਕਾਂ ਨੂੰ ਸਿੱਖਿਆ ਦੇ ਰਹੀ ਹੈ ਉੱਥੇ ਨਾਲ ਹੀ ਰੁਜ਼ਗਾਰ ਵੀ ਦੇ ਰਹੀ ਹੈ ਉੱਚ ਸਿੱਖਿਆ ਦਾ ਸਬੰਧ ਸਿਰਫ ਲੋਕਾਂ ਨੂੰ ਕਿੱਤਾ-ਮੁਖੀ ਸਿੱਖਿਆ ਅਤੇ ਰੁਜ਼ਗਾਰ ਪ੍ਰਾਪਤ ਕਰਨ ਦੀ ਸਿੱਖਿਆ ਦੇਣਾ ਹੀ ਨਹੀਂ ਹੈ। ਉਸ ਦਾ ਫ਼ਰਜ਼ ਸਮਾਜ ਵਿਚ ਕਦਰਾਂ-ਕੀਮਤਾਂ ਅਤੇ ਨਰੋਏ ਸਮਾਜ ਦੀ ਨੀਂਹ ਰੱਖਣਾ ਵੀ ਹੈ। ਉੱਚ ਸਿੱਖਿਆ ਦਾ ਮੰਤਵ ਵਿਦਿਆਰਥੀਆਂ ਅੰਦਰ ਅਜਿਹੇ ਗੁਣ ਭਰਨਾ ਹੈ ਜਿਸ ਨਾਲ ਉਨ੍ਹਾਂ ਅੰਦਰ ਲੀਡਰਸ਼ਿਪ ਦੀ ਭਾਵਨਾ ਉਤਪੰਨ ਹੋਵੇ ਤੇ ਉਹ ਸਮਾਜ ਨੂੰ ਸੇਧ ਵੀ ਸਕਣ। ਉੱਚ ਸਿੱਖਿਆ ਵਿਅਕਤੀ ਦੀ ਸਮਰੱਥਾ ਨੂੰ ਮਾਪਣ ਦਾ ਵੀ ਕੰਮ ਕਰਦੀ ਹੈ ਤਾਂ ਜੋ ਵਿਅਕਤੀ ਸਮਾਜ ਵਿਚ ਵਿਚਰ ਕੇ ਆਪਣੀ ਸਮਰੱਥਾ ਅਨੁਸਾਰ ਸਮਾਜ ਨੂੰ ਅੱਗੇ ਲੈ ਕੇ ਜਾ ਸਕੇ।”[4] ਨਵੀਂ ਸਿੱਖਿਆ ਨੀਤੀ ਦੇ ਅੰਤਰਗਤ ਅਨਲਾਈਨ ਸਿੱਖਿਆ ਕਿਸ ਤਰ੍ਹਾਂ ਸੁਧਾਰ ਕਰ ਸਕਦੀ ਹੈ ਜਾਂ ਇਸ ਨੂੰ ਲਾਗੂ ਕਰਨ ਹਿੱਤ ਕਿਹੜੀਆਂ ਪ੍ਰਸਿਥਤੀਆਂ ਕੰਮ ਕਰ ਰਹੀਆਂ ਹਨ ਇਸ ਬਾਰੇ ਚਰਚਾ ਬਹੁਤ ਜਰੂਰੀ ਹੈ। ਭਾਰਤ ਜਿਹੇ ਵਿਕਾਸਸ਼ੀਲ ਦੇਸ਼ ਵਿਚ ਜਿੱਥੇ ਮੁੱਢਲੀਆਂ ਸਹੂਲਤਾਂ ਪੂਰੀਆਂ ਕਰਨ ਲਈ ਵੀ ਭਵਿੱਖਮਈ ਯੋਜਨਾਵਾਂ ਵਜੋਂ ਸੋਚਿਆ ਜਾ ਰਿਹਾ ਹੈ ਤਾਂ ਅਜਿਹੀ ਸਥਿਤੀ ਵਿਚ ਸਿੱਖਿਆ ਢਾਂਚੇ ਵਿਚ ਅਜਿਹੇ ਬਦਲਾਅ ਕਰਨ ਲਈ ਆਰਥਿਕ ਵਿਵਸਥਾ ਦੀ ਪੂਰਤੀ ਕਿਥੋਂ ਹੋਵੇਗੀ? ਅਜਿਹੇ ਕੁਝ ਪਹਿਲੂ ਹਨ ਜੋ ਇਸ ਖੋਜ ਵਿਚ ਤਵੱਜੋਂ ਰੱਖਣਗੇ।

ਕਿਸੇ ਵੀ ਖੋਜ-ਪੱਤਰ ਨੂੰ ਵਿਧੀਵਤ ਤਰੀਕੇ ਨਾਲ ਪੂਰਾ ਕਰਨ ਲਈ ਖੋਜ-ਵਿਧੀ ਦੀ ਜ਼ਰੂਰਤ ਹੁੰਦੀ ਹੈ। ਖੋਜ ਕਰਨ ਦੇ ਬਹੁਤ ਸਾਰੇ ਢੰਗ ਹਨ, ਜਿਨ੍ਹਾਂ ਵਿਚ ਕੁਝ ਰਵਾਇਤੀ ਢੰਗ ਅਤੇ ਕੁਝ ਤਕਨੀਕੀ ਢੰਗ ਵੀ ਸ਼ਾਮਿਲ ਹਨ। ਅਜਿਹੇ ਖੋਜ-ਪੱਤਰ ਨੂੰ ਸਮਝਣ ਲਈ ਅਸੀਂ ਅਤੀਤ ਅਤੇ ਵਰਤਮਾਨ ਦੋਹਾਂ ਵਿਚ ਵਾਪਰੇ ਵਰਤਾਰਿਆਂ ਦੀ ਨਿਗਰਾਨੀ ਕਰਕੇ ਹੀ ਇਹ ਅੰਦਾਜ਼ਾ ਲਗਾ ਸਕਦੇ ਹਾਂ ਕਿ ਕਿਸੇ ਪ੍ਰਬੰਧ ਨੂੰ ਲਾਗੂ ਕਰਨ ਵਿਚ ਕੀ ਕੀ ਚੁਣੌਤੀਆਂ ਹੋਣਗੀਆਂ। ਇਸ ਲਈ ਇਸ ਖੋਜ-ਪੱਤਰ ਨੂੰ ਲਿਖਣ ਲਈ ਨਿਗਰਾਨੀ ਵਿਧੀ ਦੀ ਵਰਤੋਂ ਕੀਤੀ ਹੈ। ਇਸ ਵਿਧੀ ਦੇ ਅੰਤਰਗਤ ਅਸੀਂ ਹੁਣ ਤਕ ਇਸ ਸਬੰਧ ਵਿਚ ਜੋ ਵੀ ਖੋਜ ਹੋ ਚੁੱਕੀ ਹੈ ਅਤੇ ਵਰਤਮਾਨ ਵਿਚ ਜੋ ਖੋਜ ਚੱਲ ਰਹੀ ਹੈ ਉਸ ਨੂੰ ਆਧਾਰ ਬਣਾ ਕੇ ਕੁਝ ਤੱਥ ਦੇਣ ਦੀ ਕੋਸ਼ਿਸ਼ ਕੀਤੀ ਹੈ।

- ਜਦੋਂ ਅਸੀਂ ਨਵੀਂ ਸਿੱਖਿਆ ਨੀਤੀ ਦੇ ਅੰਤਰਗਤ ਉੱਚ ਸਿੱਖਿਆ ਵਿਚ ਆਨਲਾਈਨ ਸਿੱਖਿਆ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਦੇਖਣਾ ਪਏਗਾ ਕਿ ਇਹ ਕਿੰਨੀ ਕੁ ਪ੍ਰਭਾਵਸ਼ਾਲੀ ਹੈ।

- ਨਵੀਂ ਸਿੱਖਿਆ ਨੀਤੀ ਦੇ ਵਿਚ ਜੋ ਸਭ ਤੋਂ ਵੱਡੀਆਂ ਚੁਣੌਤੀਆਂ ਹਨ ਉਹ ਵਿਦਿਆਰਥੀਆਂ ਦੀ ਪ੍ਰੀਖਿਆ ਦਾ ਪ੍ਰਬੰਧ ਅਤੇ ਵਿਦਿਆਰਥੀਆਂ ਦੀ ਦਿਮਾਗੀ ਸ਼ਕਤੀ ਦਾ ਸੰਤੁਲਨ ਬਣਾ ਕੇ ਰੱਖਣਾ ਹੈ।
- ਉੱਚ ਸਿੱਖਿਆ ਵਿਚ ਆਨਲਾਈਨ ਮਾਧਿਅਮ ਰਾਹੀਂ ਪ੍ਰਾਪਤ ਕੀਤੀ ਗਈ ਸਿੱਖਿਆ ਕੀ ਲੋਕਾਂ ਨੂੰ ਰੁਜ਼ਗਾਰ ਦਿਵਾਉਣ ਵਿਚ ਲਾਹੇਵੰਦ ਹੋ ਸਕੇਗੀ?
- ਉੱਚ ਸਿੱਖਿਆ ਇਹ ਕਿਸ ਤਰਾਂ ਤੈਅ ਕਰੇਗੀ ਕਿ ਵੱਖ-ਵੱਖ ਸਭਿਆਚਾਰਾਂ ਦੇ ਲੋਕਾਂ ਵਿਚ ਕਿਸ ਤਰ੍ਹਾਂ ਦਾ ਸੰਚਾਰ ਪ੍ਰਬੰਧ ਸਥਾਪਤ ਹੋਵੇਗਾ।
- ਆਨਲਾਈਨ ਸਿੱਖਿਆ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਕਿਸ ਤਰ੍ਹਾਂ ਵਚਨਬੱਧ ਰਹੇਗੀ ਤੇ ਉਹ ਇਹ ਕਿਸ ਤਰ੍ਹਾਂ ਤੈਅ ਕਰੇਗੀ ਕਿ ਵਿਦਿਆਰਥੀਆਂ ਨੂੰ ਕੀ ਸਮੱਸਿਆਵਾਂ ਆ ਰਹੀਆਂ ਹਨ।
- ਆਨਲਾਈਨ ਸਿੱਖਿਆ ਵਿਚ ਵਿਦਿਆਰਥੀ ਅਤੇ ਅਧਿਆਪਕ ਇਕ ਵਸਤੂ ਦੀ ਤਰ੍ਹਾਂ ਕੰਮ ਕਰਦੇ ਹੋਏ, ਕਿਸ ਤਰ੍ਹਾਂ ਮਨੁੱਖੀ ਕਦਰਾਂ ਕੀਮਤਾਂ ਸੰਭਾਲ ਕੇ ਰੱਖ ਸਕਣਗੇ।

ਆਧੁਨਿਕ ਸਮੇਂ ਵਿਚ ਕੁਝ ਚੁਣੌਤੀਆਂ ਕਰਕੇ ਸਕੂਲ ਤੋਂ ਲੈ ਕੇ ਉੱਚ-ਪੱਧਰੀ ਸਿੱਖਿਆ ਦੀ ਤਸਵੀਰ ਤੇਜੀ ਨਾਲ ਬਦਲ ਰਹੀ ਹੈ। "ਕੁਝ ਸਕੂਲ, ਕਾਲਜ ਜਾਂ ਯੂਨੀਵਰਸਿਟੀਆਂ ਨੇ ਜ਼ੂਮ, ਗੂਗਲ ਕਲਾਸਰੂਮ, ਮਾਈਕਰੋਸਾਫਟ ਟੀਮ, ਸਕਾਈਪ ਵਰਗੇ ਪਲੇਟਫਾਰਮਾਂ ਦੇ ਨਾਲ-ਨਾਲ ਯੂ-ਟਿਊਬ, ਵ੍ਹਟਸਐਪ ਆਦਿ ਮਾਧਿਅਮਾਂ ਰਾਹੀਂ ਆਨਲਾਈਨ ਸਿੱਖਿਆ ਦਾ ਬਦਲ ਅਪਣਾਇਆ ਹੈ ਜੋ ਇਸ ਸੰਕਟ-ਕਾਲ ਵਿਚ ਇਕੋ-ਇਕ ਰਸਤਾ ਹੈ ਪਰ ਇਸ ਆਨਲਾਈਨ ਸਿੱਖਿਆ ਦਾ ਕੁਝ ਲੋਕਾਂ ਵੱਲੋਂ ਇਸ ਤਰਾਂ ਪ੍ਰਚਾਰ ਕੀਤਾ ਜਾ ਰਿਹਾ ਹੈ ਜਿਵੇਂ ਸਾਡੀ ਸਿੱਖਿਆ ਵਿਵਸਥਾ ਦੀ ਹਰ ਸਮੱਸਿਆ ਦਾ ਹੱਲ ਇਸ ਵਿਚ ਲੁਕਿਆ ਹੋਇਆ ਹੈ।"[5] ਕੀ ਸੱਚਮੁੱਚ ਆਨਲਾਈਨ ਸਿੱਖਿਆ ਦੇਸ਼ ਦੀਆਂ ਸਾਰੀਆਂ ਸਿੱਖਿਆ ਜ਼ਰੂਰਤਾਂ ਦਾ ਹੱਲ ਹੈ? ਕੀ ਆਨਲਾਈਨ ਸਿੱਖਿਆ ਸ਼੍ਰੇਣੀ ਸਿੱਖਿਆ ਦਾ ਢੁੱਕਵਾਂ ਬਦਲ ਹੈ ਅਤੇ ਭਾਰਤ ਦੇ ਸਬੰਧ 'ਚ ਅਨੁਕੂਲ ਹੈ? ਇਨ੍ਹਾਂ ਸਵਾਲਾਂ ਦਾ ਜਵਾਬ ਜਾਣਨ ਦੇ ਨਾਲ-ਨਾਲ ਇਹ ਵੀ ਸਮਝਣਾ ਜ਼ਰੂਰੀ ਹੋਵੇਗਾ ਕਿ ਸਿੱਖਿਆ ਦੇ ਉਦੇਸ਼ ਕੀ ਹਨ? ਭਾਰਤੀ ਚਿੰਤਨ ਪਰੰਪਰਾ ਅਨੁਸਾਰ ਸਿੱਖਿਆ ਦੇ ਤਿੰਨ ਮੁੱਖ ਉਦੇਸ਼ ਹਨ ਜਿਸ ਵਿਚ ਵਿਅਕਤੀ ਤੇ ਚਰਿੱਤਰ ਨਿਰਮਾਣ, ਸਮਾਜ ਕਲਿਆਣ ਅਤੇ ਗਿਆਨ ਦਾ ਨਿਰੰਤਰ ਵਿਕਾਸ ਸ਼ਾਮਿਲ ਹਨ। ਆਨਲਾਈਨ ਸਿੱਖਿਆ, ਇਨ੍ਹਾਂ ਟੀਚਿਆਂ ਦੀ ਪੂਰਤੀ ਕਿੱਥੋਂ ਤਕ ਕਰਦੀ ਹੈ, ਇਸ ਦੀ ਪੜਤਾਲ ਜ਼ਰੂਰੀ ਹੈ। ਰਵਾਇਤੀ ਮਤਲਬ ਆਹਮੋ-ਸਾਹਮਣੇ ਦੀ ਜਮਾਤਾਂ ਵਿਚ ਕਰਵਾਈ ਜਾਂਦੀ ਪੜ੍ਹਾਈ-ਲਿਖਾਈ ਵਿਚ ਵਿਦਿਆਰਥੀਆਂ ਦੇ ਸਾਹਮਣੇ ਸਿਰਫ਼ ਗਿਆਨ ਰੋੜ੍ਹਿਆ ਨਹੀਂ ਜਾਂਦਾ ਸਗੋਂ ਛੁਪੇ ਹੋਏ ਰੂਪ ਵਿਚ ਚਰਿੱਤਰ ਨਿਰਮਾਣ ਦੀ ਪ੍ਰਕਿਰਿਆ ਵੀ ਆਪਣੇ-ਆਪ ਨਿਰੰਤਰ ਚੱਲਦੀ ਰਹਿੰਦੀ ਹੈ। ਇਹ ਵਿਗਿਆਨਕ ਯੁੱਗ ਹੈ ਅਤੇ ਪਿਛਲੇ ਕਈ ਦਹਾਕਿਆਂ ਤੋਂ ਵਿਕਸਿਤ ਦੇਸ਼ਾਂ ਵਿਚ ਸੁਖ-ਸਾਧਨ ਅਤੇ ਜੀਵਨ ਪੱਧਰ ਨੂੰ ਪ੍ਰਭਾਵਿਤ ਕਰਕੇ ਇਸ ਨੂੰ ਉਨਤਸ਼ੀਲ ਬਣਾਉਣ ਦਾ ਇਕ ਬਹੁਤ ਵੱਡਾ ਸਾਧਨ ਤਕਨਾਲੋਜੀ ਰਹੀ ਹੈ। "ਵਿਕਾਸਸ਼ੀਲ ਦੁਨੀਆ ਤੋਂ ਆਉਣ ਵਾਲੇ ਰਾਸ਼ਟਰ ਆਪਣੇ ਆਰਥਿਕ ਵਿਕਾਸ ਲਈ ਵਿਗਿਆਨ ਅਤੇ ਤਕਨਾਲੋਜੀ ਦਾ ਪ੍ਰਯੋਗ ਕਰਨ ਲਈ ਮਜਬੂਰ ਹੋ ਗਏ ਹਨ। ਇਹ ਵਿਸ਼ਾ ਇੰਨਾ ਮਹੱਤਵਪੂਰਨ ਅਤੇ ਇਸਦੀਆਂ ਸਮੱਸਿਆਵਾਂ ਇੰਨੀਆਂ ਮੁਸ਼ਕਿਲ ਹਨ ਕਿ ਇਹਨਾਂ ਸਮੱਸਿਆਵਾਂ ਨੂੰ ਸਮਝਣ ਲਈ ਸੰਯੁਕਤ ਰਾਸ਼ਟਰ ਸੰਘ ਨੇ 1963 ਵਿਚ ਜੇਨੇਵਾ ਵਿਚ ਇਕ ਸੰਸਾਰ ਸਮੇਲਨ ਦਾ ਪ੍ਰਬੰਧ ਕੀਤਾ ਸੀ। ਇੱਥੇ ਅਸੀਂ ਸਮੱਸਿਆਵਾਂ ਦੇ ਇਕ ਹੀ ਪੱਖ, ਖਾਸ ਤੌਰ 'ਤੇ ਉੱਚ ਸਿੱਖਿਆ ਵਿਚ ਵਿਗਿਆਨ ਅਤੇ ਤਕਨਾਲੋਜੀ ਅਤੇ ਆਰਥਿਕ ਵਿਕਾਸ ਵਿਚ ਇਸਦੀ ਸਹੂਲਤ ਦੀ ਗੱਲ ਕਰਨਗੇ।"[6]

ਆਧੁਨਿਕ ਸਥਿਤੀ ਦੀ ਗੱਲ ਕਰਨ ਤੋਂ ਪਹਿਲਾਂ ਸਾਨੂੰ ਸਿੱਖਿਆ ਦੇ ਵਿਕਾਸ ਦੀ ਪਿੱਠ ਭੂਮੀ ਵਿਚ ਵੀ ਦੇਖਣਾ ਪਵੇਗਾ। ਵਿਗਿਆਨ ਅਤੇ ਵਿਗਿਆਨਕ ਖੋਜ ਹੀ ਮਾਲੀ ਹਾਲਤ ਨੂੰ ਵਿਕਸਿਤ ਕਰਨ ਦੀ ਸੰਪੂਰਨ ਪਰਿਕਿਰਿਆ ਦੀ ਬੁਨਿਆਦੀ ਲੋੜ ਹੈ ਅਤੇ ਇਹ ਹਿਸਾਬ ਦੀ ਡੂੰਘੀ ਸਮਝ ਦੀ ਮੰਗ ਕਰਦਾ ਹੈ। ਇਸ ਗੱਲ ਨੂੰ ਵੀ ਸਮਝਣਾ ਬਹੁਤ ਜ਼ਰੂਰੀ ਹੈ ਕਿ ਵਿਗਿਆਨ ਗਤੀਸ਼ੀਲ ਹੈ ਅਤੇ ਵਿਗਿਆਨਕ ਗਿਆਨ ਦੇ ਮਾਮਲੇ ਵਿਚ ਇਸਦੇ ਅਪ੍ਰਸੰਗਿਕ ਹੋਣ ਦੀ ਦਰ ਬਹੁਤ ਤੇਜ਼ ਹੈ। ਇਸ ਨੂੰ ਵੀ ਵੇਖਣਾ ਜ਼ਰੂਰੀ ਹੈ ਕਿ ਸਮਾਜ ਦੇ ਵਿਚ ਘੱਟ ਤੋਂ ਘੱਟ ਵਿਗਿਆਨੀ ਗਿਆਨ ਅਤੇ ਖਾਸ ਤੌਰ 'ਤੇ ਵਿਗਿਆਨੀ ਤਰਕ ਦ੍ਰਿਸ਼ਟੀਕੋਣ ਦਾ ਪ੍ਰਸਾਰ ਹੋਵੇ ,ਕਿਉਂਕਿ ਇਸਦੇ ਬਿਨਾਂ ਮਾਲੀ ਹਾਲਤ ਨੂੰ ਆਧੁਨਿਕ ਬਣਾਉਣਾ ਬਹੁਤ ਆਸਾਨ ਨਹੀਂ ਹੋਵੇਗਾ। "ਭਾਰਤੀ ਜਨ ਸਾਧਾਰਣ ਦੀ ਆਸ ਅਨੁਸਾਰ ਆਧੁਨਿਕੀਕਰਨ ਦੇ ਬਿਨਾਂ ਇਸ ਤਰ੍ਹਾਂ ਦੀ ਗੰਭੀਰ ਆਰਥਿਕ ਸਮੱਸਿਆ ਦੇ ਹੱਲ ਦੀ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ।"[7] ਵਿੱਦਿਅਕ ਵਿਵਸਥਾ ਦੇ ਰਾਹੀਂ ਵਿਸ਼ੇਸ਼ ਰੂਪ ਤੋਂ ਕੀ ਉੱਚ

ਸਿੱਖਿਆ, ਇਸ ਪ੍ਰਕਿਰਿਆ ਵਿਚ ਕਿਸੇ ਤਰ੍ਹਾਂ ਨਾਲ ਸਹਾਇਤਾ ਪ੍ਰਦਾਨ ਕਰ ਸਕਦੀ ਹੈ? ਯੂਨੀਵਰਸਿਟੀ ਸਿੱਖਿਆ ਦੇ ਦੌਰਾਨ ਉਹ ਜੋ ਵੀ ਵਿਸ਼ਿਆਂ ਨੂੰ ਪੜ੍ਹਨਾ ਚਾਹੁੰਦੇ ਹਨ ਉਸ ਵਿਚ ਕੁਝ ਵਿਸ਼ੇ ਘੱਟੋ ਘੱਟ ਵਿਗਿਆਨੀ ਤਰਕ ਗਿਆਨ ਨੂੰ ਲਾਜ਼ਮੀ ਬਣਾਉਂਦੇ ਹੋਏ ਇਹਨਾਂ ਨੂੰ ਗ੍ਰੈਜੂਏਟ ਦੇ ਵਿਚ ਦਿੱਤਾ ਜਾ ਸਕਦਾ ਹੈ। ਇਸ ਤੋਂ ਬਾਅਦ, ਵਿਦਿਆਰਥੀਆਂ ਨੂੰ ਮਨੁੱਖੀ ਅਤੇ ਸਮਾਜ ਵਿਗਿਆਨ ਦੇ ਫੈਕਲਟੀ ਵੱਲ ਜਾਣ ਵਾਲੇ ਵਿਦਿਆਰਥੀਆਂ ਦੀ ਬਜਾਏ ਵਿਗਿਆਨ ਵਿਸ਼ੇ ਅਪਨਾਉਣ ਲਈ ਵਧੇਰੇ ਸਿੱਖਿਆ ਅਤੇ ਮਨੁੱਖੀ ਸਰੋਤ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਨਾਲ ਹੀ ਨਾਲ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਵਿਗਿਆਨ ਸਿੱਖਿਆ ਵਿਚ ਆਰਟਸ ਅਤੇ ਸਾਮਾਜਕ ਵਿਗਿਆਨ ਦੇ ਘੱਟੋ-ਘੱਟ ਸੁਮੇਲ ਮੌਜੂਦ ਹੋਣ। ਖੇਤਰੀ ਸਬੰਧ ਵਿਚ ਇਹ ਸਹਿ-ਹੋਂਦ ਅਤੇ ਸਹਿਯੋਗ, ਵਿਆਪਕ ਸਾਂਝੇਦਾਰੀ, ਸਮੂਹਿਕਤਾ ਅਤੇ ਵਿਚਾਰਕ ਸਹਿਣਸ਼ੀਲਤਾ ਦਾ ਭਾਵ ਵਿਦਿਆਰਥੀਆਂ ਵਿਚ ਵਿਕਸਤ ਕਰਦੀ ਹੈ। ਇਸ ਦੇ ਨਾਲ-ਨਾਲ ਅਧਿਆਪਕ ਦਾ ਆਚਰਨ ਅਤੇ ਉਸ ਦੀਆਂ ਕਿਰਿਆਵਾਂ ਦਾ ਵਿਦਿਆਰਥੀਆਂ 'ਤੇ ਬਹੁਤ ਡੂੰਘਾ ਅਸਰ ਪੈਂਦਾ ਹੈ। ਵਿੱਦਿਅਕ ਅਦਾਰੇ 'ਚ ਬਾਕਾਇਦਾ ਸਮਾਜਕ-ਆਰਥਿਕ ਪਿੱਠ-ਭੂਮੀ ਤੇ ਵੱਖ-ਵੱਖ ਵਿਸ਼ਿਆਂ ਦੇ ਵਿਦਿਆਰਥੀਆਂ ਦਾ ਆਪਸ ਵਿਚ ਅੰਤਰ-ਵਿਵਹਾਰ, ਬਹਿਸ, ਵਿਵੇਚਨ ਅਤੇ ਤਰਕ-ਕੁਤਰਕ ਸ਼ਖ਼ਸੀਅਤ ਦੇ ਸਮੁੱਚੇ-ਸੰਤੁਲਿਤ ਨਿਰਮਾਣ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਵੱਖ-ਵੱਖ ਵਿੱਦਿਅਕ ਸਰਗਰਮੀਆਂ ਅਤੇ ਹੋਰ ਕੰਮਕਾਰ ਸ਼ਖ਼ਸੀਅਤ ਨਿਰਮਾਣ ਨੂੰ ਸੰਪੂਰਨਤਾ ਵੱਲ ਲੈ ਜਾਂਦੇ ਹਨ। ਆਨਲਾਈਨ ਪ੍ਰਣਾਲੀ 'ਚ ਉਪਰੋਕਤ ਚੀਜ਼ਾਂ ਨਾ ਦੇ ਬਰਾਬਰ ਜਾਂ ਬਹੁਤ ਘੱਟ ਮਾਤਰਾ ਵਿਚ ਸੰਭਵ ਹਨ। ਇਸ ਵਿਚ ਵਿਦਿਆਰਥੀ ਗਿਆਨ ਤਾਂ ਹਾਸਲ ਕਰ ਲਵੇਗਾ ਪਰ ਉਸ ਦਾ ਮਨੋ ਜਗਤ ਇਕ ਰੋਬੋਟ ਦੀ ਤਰ੍ਹਾਂ ਹੀ ਮਸ਼ੀਨੀ ਬਣ ਜਾਵੇਗਾ। ਇਕ ਤੱਥ ਅਨੁਸਾਰ "ਇੰਜੀਨੀਅਰਿੰਗ ਕਾਲਜਾਂ ਦੀ ਗਿਣਤੀ ਜੋ 1950 ਵਿਚ 49 ਸੀ 1965 ਤੱਕ 134 ਅਤੇ ਇਸ ਦਹਾਕੇ ਵਿਚ ਪਾਲੀਟੈਕਨਿਕ ਕਾਲਜਾਂ ਦੀ ਗਿਣਤੀ 86 ਤੋਂ 274 ਪਹੁੰਚ ਗਈ ਹੈ। ਇੰਜੀਨੀਅਰਿੰਗ ਕਾਲਜਾਂ ਵਿਚ ਵਿਦਿਆਰਥੀਆਂ ਦੀ ਸਲਾਨਾ ਗਿਣਤੀ 25800 ਅਤੇ ਪਾਲੀਟੈਕਨਿਕ ਕਾਲਜਾਂ ਵਿਚ 52000 ਤੱਕ ਪਹੁੰਚ ਗਈ ਹੈ।"[8]

ਇੰਜੀਨੀਅਰਿੰਗ ਅਤੇ ਹੋਰ ਤਕਨੀਕੀ ਸਿੱਖਿਆ ਨੂੰ ਨਾ ਸਿਰਫ ਗ੍ਰੈਜੂਏਟ ਪੱਧਰ ਸਗੋਂ ਪੋਸਟ ਗ੍ਰੈਜੂਏਟ ਪੱਧਰ ਤੇ ਵੀ ਪ੍ਰਦਾਨ ਕੀਤਾ ਜਾਂਦਾ ਹੈ ਅਤੇ ਇਸ ਸਾਰੇ ਵਿਸ਼ਿਆਂ ਵਿਚ ਖੋਜ ਪ੍ਰੋਗਰਾਮ ਨੂੰ ਸਰਗਰਮ ਰੂਪ ਨਾਲ ਉਤਸ਼ਾਹਿਤ ਕੀਤਾ ਜਾਂਦਾ ਹੈ। ਹਾਲ ਦੇ ਸਾਲਾਂ ਵਿਚ ਸਥਾਪਿਤ ਵਿਦੇਸ਼ੀ ਸਹਿਯੋਗ ਨਾਲ ਬਣੇ ਇੰਜੀਨੀਅਰਿੰਗ ਅਤੇ ਤਕਨੀਕੀ ਸੰਸਥਾਵਾਂ ਨੇ ਭਾਰਤ ਦੀ ਉੱਚ ਸਿੱਖਿਆ ਦੇ ਇਹਨਾਂ ਖੇਤਰਾਂ ਵਿਚ ਗੁਣਵੱਤਾ ਅਤੇ ਆਤਮ-ਨਿਰਭਰਤਾ ਪ੍ਰਦਾਨ ਕੀਤੀ ਹੈ। ਪੰਜ ਸਾਲਾ ਯੋਜਨਾ ਦੇ ਅਧੀਨ ਤਕਨੀਕੀ ਸਿੱਖਿਆ ਦਾ ਵਿਕਾਸ ਭਾਰਤ ਦੀ ਉੱਚ ਉਪਲੱਬਧੀਆਂ ਵਿਚੋਂ ਇਕ ਹੈ ਅਤੇ ਅੱਜ ਇਹ ਸੁਵਿਧਾਵਾਂ ਏਸ਼ੀਆ ਅਤੇ ਅਫਰੀਕਾ ਜਿਵੇਂ ਹੋਰ ਵਿਕਾਸਸ਼ੀਲ ਦੇਸ਼ਾਂ ਦੇ ਵਿਦਿਆਰਥੀਆਂ ਦੀ ਵੱਡੀ ਗਿਣਤੀ ਨੂੰ ਵੀ ਆਕ੍ਰਸ਼ਿਤ ਕਰ ਰਹੀਆਂ ਹਨ। ਇਹ ਸੰਸਥਾਵਾਂ ਨਾ ਸਿਰਫ ਭਾਰਤੀ ਆਰਥਿਕ ਵਿਕਾਸ ਦੇ ਖੇਤੀਬਾੜੀ, ਉਦਯੋਗ, ਖਨਨ, ਟ੍ਰਾਂਸਪੋਰਟ ਅਤੇ ਸੰਚਾਰ ਵਿਚ ਜ਼ਰੂਰੀ ਤਕਨੀਕੀ ਕਰਮੀਆਂ ਦੀ ਸਗੋਂ ਉਨ੍ਹਾਂ ਦੇ ਖੋਜ ਪ੍ਰੋਗਰਾਮਾਂ ਨਾਲ ਜੁੜੀਆਂ ਭੌਤਿਕ ਜਰੂਰਤਾਂ ਦੀ ਵੀ ਪੂਰਤੀ ਕਰ ਰਹੀਆਂ ਹਨ। ਵਿਕਾਸਸ਼ੀਲ ਦੇਸ਼ਾਂ ਦੁਆਰਾ ਮਨੁੱਖੀ ਸਰੋਤ ਵਿਕਾਸ ਅਤੇ ਯੋਜਨਾਬੱਧ ਆਰਥਿਕ ਵਿਕਾਸ ਵਿਚ ਤਕਨੀਕੀ ਸਿੱਖਿਆ ਅਤੇ ਖੋਜ ਦਾ ਪ੍ਰਯੋਗ ਇਕ ਵਿਸ਼ੇਸ਼ ਉਦਾਹਰਣ ਹੈ। "ਦਿੱਲੀ ਯੂਨੀਵਰਸਿਟੀ 'ਚ ਕਾਨੂੰਨ ਦੀ ਪੜ੍ਹਾਈ ਦੀ ਉੱਚ ਗੁਣਵੱਤਾ ਦਾ ਇਕ ਵੱਡਾ ਕਾਰਨ ਉੱਥੇ ਚੱਲਣ ਵਾਲੇ ਮੂਟ ਕੋਰਟ ਹਨ ਜਿਨ੍ਹਾਂ 'ਚ ਇਕ ਵਕਤੀ ਅਦਾਲਤ ਬਣਾ ਕੇ ਅਸਲੀ ਅਦਾਲਤ ਦੀ ਤਰ੍ਹਾਂ ਕਾਰਵਾਈ ਸੰਪੰਨ ਹੁੰਦੀ ਹੈ। ਇਸ ਦੇ ਇਲਾਵਾ ਵਿਦਿਆਰਥੀਆਂ ਦੇ ਗਿਆਨ ਦੀ ਪਰਖ 'ਚ ਵੀ ਆਨਲਾਈਨ ਪ੍ਰਣਾਲੀ ਪੂਰੀ ਤਰ੍ਹਾਂ ਮੁਕੰਮਲ ਨਹੀਂ।"[9] ਆਨਲਾਈਨ 'ਚ ਆਮ ਤੌਰ 'ਤੇ ਵਸਤੂਨਿਸ਼ਠ ਜਾਂ ਆਬਜੈਕਟਿਵ ਪੈਟਰਨ 'ਤੇ ਪ੍ਰੀਖਿਆਵਾਂ ਹੁੰਦੀਆਂ ਹਨ ਜਿਨ੍ਹਾਂ 'ਚ ਵਿਦਿਆਰਥੀਆਂ ਦੇ ਗਿਆਨ ਅਤੇ ਵਿਸ਼ਲੇਸ਼ਣ-ਸੰਸ਼ਲੇਸ਼ਣ ਸਮਰੱਥਾ ਅਤੇ ਸਮਾਨ-ਆਲੋਚਨਾਤਮਕ ਦ੍ਰਿਸ਼ਟੀਕੋਣ ਦੀ ਸਹੀ ਤਰ੍ਹਾਂ ਪਰਖ ਨਹੀਂ ਹੋ ਪਾਉਂਦੀ। ਆਨਲਾਈਨ ਸਿੱਖਿਆ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਨਹੀ ਹੈ ਅਤੇ ਇਕ ਅਜਿਹੀ ਸਿੱਖਿਆ ਪ੍ਰਦਾਨ ਕਰਨ ਵਿਚ ਵਿਸ਼ਵਾਸ ਰੱਖਦੀ ਹੈ ਜੋ ਸਿਰਫ ਵਕਤੀ ਲੋੜਾਂ ਲਈ ਢੁਕਵੀਂ ਹੋ ਸਕਦੀ ਹੈ। ਦੂਜੇ ਪੱਖ ਵਜੋਂ ਵੱਖ-ਵੱਖ ਡਿਗਰੀ ਪ੍ਰੋਗਰਾਮਾਂ 'ਚ ਰਵਾਇਤੀ ਸਿੱਖਿਆ ਪ੍ਰਾਪਤ ਕਰ ਰਹੇ ਰੈਗੂਲਰ ਵਿਦਿਆਰਥੀਆਂ ਲਈ ਵੀ ਐਡ-ਆਨ ਕੋਰਸ ਦੇ ਰੂਪ 'ਚ ਵੱਖ-ਵੱਖ ਦੇਸੀ-ਵਿਦੇਸ਼ੀ ਆਨਲਾਈਨ ਕੋਰਸ ਉਨ੍ਹਾਂ ਦੇ ਗਿਆਨ-ਹੁਨਰ 'ਚ ਵਾਧਾ ਕਰ

ਸਕਣਗੇ। ਇਸ ਦੇ ਇਲਾਵਾ ਗ਼ਰੀਬ ਜਾਂ ਦੂਰ-ਦੁਰਾਡੇ ਦੇ ਇਲਾਕਿਆਂ ਦੇ ਵਿਦਿਆਰਥੀਆਂ ਲਈ ਜਿਨ੍ਹਾਂ ਨੂੰ ਬਹੁਤ ਵਧੀਆ ਅਧਿਆਪਕ ਜਾਂ ਚੰਗੀਆਂ ਲਾਇਬਰੇਰੀਆਂ ਉਪਲਬਧ ਨਹੀਂ ਹਨ, ਉਨ੍ਹਾਂ ਲਈ ਸਭ ਤੋਂ ਵਧੀਆ ਸੰਸਥਾਵਾਂ ਦੁਆਰਾ ਆਨਲਾਈਨ ਅਧਿਐਨ ਸਮੱਗਰੀ, ਲਾਈਵ ਜਾਂ ਅਪਲੋਡਡ ਵੀਡੀਓ ਲੈਕਚਰਜ਼ ਇਕ ਵਰਦਾਨ ਸਿੱਧ ਹੋਣਗੇ।

> ਸਿੱਖਿਆ ਦਾ ਇਕ ਹੋਰ ਮਕਸਦ ਰੋਜ਼ਗਾਰ ਪ੍ਰਾਪਤੀ ਵੀ ਹੈ ਪਰ ਆਨਲਾਈਨ ਡਿਗਰੀ ਇਸ 'ਚ ਜ਼ਿਆਦਾ ਢੁੱਕਵੀਂ ਸਿੱਧ ਨਹੀਂ ਹੋਵੇਗੀ। ਮਲਟੀਟਾਸਕਿੰਗ ਦੇ ਮੌਜੂਦਾ ਦੌਰ 'ਚ ਕੋਰੇ ਸਿਧਾਂਤਕ ਗਿਆਨ ਤੋਂ ਜ਼ਿਆਦਾ ਵਿਵਹਾਰਕ ਗਿਆਨ ਅਤੇ ਸੋਸ਼ਲ ਸਕਿੱਲ ਨੂੰ ਤਵੱਜੋ ਦਿੱਤੀ ਜਾਂਦੀ ਹੈ ਜੋ ਆਨਲਾਈਨ 'ਚ ਥੋੜ੍ਹਾ ਕੱਚਾ ਹੀ ਰਹਿ ਜਾਂਦਾ ਹੈ।[10]

ਭਾਰਤ ਦੇ ਸਬੰਧ 'ਚ ਇੰਟਰਨੈੱਟ ਕੁਨੈਕਟੀਵਿਟੀ, ਕੰਪਿਊਟਰ ਦੀ ਉੱਪਲ਼ਭਤਾ ਵੀ ਇਕ ਸਮੱਸਿਆ ਬਣ ਸਕਦੀ ਹੈ। ਉਪਰੋਕਤ ਹੱਦਬੰਦੀਆਂ ਦੇ ਬਾਵਜੂਦ ਆਨਲਾਈਨ ਸਿੱਖਿਆ ਨੂੰ ਜੇਕਰ ਬਹੁਤ ਵੱਡੀ ਪ੍ਰਾਪਤੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਤਾਂ ਉਸ ਦੀ ਵਜ੍ਹਾ ਜਾਂ ਤਾਂ ਲੋਕਾਂ ਦੀ ਸਮਝ ਪੂਰੀ ਨਹੀਂ ਜਾਂ ਸਿੱਖਿਆ ਨੂੰ ਇਕ ਕਾਰੋਬਾਰ ਤੇ ਮੁਨਾਫ਼ਾ ਕਮਾਉਣ ਦਾ ਧੰਦਾ ਮੰਨਣ ਵਾਲੀ ਮਾਨਸਿਕਤਾ ਹੈ। ਇਹ ਗੱਲ ਲੁਕੀ ਹੋਈ ਨਹੀਂ ਕਿ ਆਨਲਾਈਨ ਸਿੱਖਿਆ ਦਾ ਸਭ ਤੋਂ ਵੱਧ ਪੱਖ ਜੇ ਕੋਈ ਪੂਰ ਰਿਹਾ ਹੈ ਤਾਂ ਉਹ ਹਨ ਨਿੱਜੀ ਖੇਤਰ ਦੀਆਂ ਸੰਸਥਾਵਾਂ, ਕੋਚਿੰਗ ਇੰਸਟੀਚਿਊਟ ਆਦਿ ਹਨ। ਅਕਾਦਮਿਕ ਜਗਤ 'ਚ ਇਸ ਨੂੰ ਲੈ ਕੇ ਜ਼ਿਆਦਾ ਉਤਸ਼ਾਹ ਨਹੀਂ ਹੈ। ਅਮਰੀਕਾ-ਯੂਰਪ ਦੇ ਦੇਸ਼ਾਂ 'ਚ ਵੀ ਜਿੱਥੇ ਦਹਾਕਾ ਪਹਿਲਾਂ ਤੋਂ ਹੀ ਜੀਵਨ ਦਾ ਹਰ ਖੇਤਰ ਆਨਲਾਈਨ ਸੰਚਾਲਿਤ ਹੈ, ਉੱਥੇ ਵੀ ਉੱਚ ਸਿੱਖਿਆ ਦੀ ਬਹੁਤ ਜ਼ਿਆਦਾ ਫ਼ੀਸ ਹੋਣ ਦੇ ਬਾਵਜੂਦ ਵਿਦਿਆਰਥੀਆਂ ਦੀ ਇਹੀ ਇੱਛਾ ਹੁੰਦੀ ਹੈ ਕਿ ਉਹ ਜਮਾਤਾਂ 'ਚ ਪੜ੍ਹਾਈ ਕਰਨ। ਇਹ ਬਿਲਕੁੱਲ ਉਸੇ ਤਰ੍ਹਾਂ ਹੈ, ਜਦੋਂ ਹਾਰਵਰਡ, ਐੱਮਆਈਟੀ, ਸਟੈਨਫੋਰਡ ਆਦਿ ਯੂਨੀਵਰਸਿਟੀਆਂ ਦੇ ਕੋਰਸ ਆਨਲਾਈਨ ਪਲੇਟਫਾਰਮ 'ਤੇ ਉਪਲਬਧ ਹਨ। ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਆਨਲਾਈਨ ਸਿੱਖਿਆ ਨੂੰ ਬਿਲਕੁਲ ਖ਼ਾਰਜ ਕਰ ਦਿੱਤਾ ਜਾਵੇ? ਆਨਲਾਈਨ ਸਿੱਖਿਆ ਉਨ੍ਹਾਂ ਕੰਮਕਾਜੀ ਲੋਕਾਂ ਲਈ ਬਹੁਤ ਫ਼ਾਇਦੇਮੰਦ ਹੈ ਜਿਨ੍ਹਾਂ ਲਈ ਨਿਰੰਤਰ ਕਲਾਸਰੂਮ ਵਾਲੀ ਸਿੱਖਿਆ ਪ੍ਰਾਪਤ ਕਰਨਾ ਔਖਾ ਹੈ। ਰੋਜ਼ਗਾਰ ਹਾਸਲ ਕਰਨ ਜਾਂ ਪ੍ਰਮੋਸ਼ਨ 'ਚ ਆਨਲਾਈਨ ਪ੍ਰੋਗਰਾਮ ਉਨ੍ਹਾਂ ਲਈ ਬਹੁਤ ਮਦਦਗਾਰ ਸਿੱਧ ਹੋਣਗੇ। ਮਨੁੱਖੀ ਸੋਮੇ ਵਿਕਾਸ ਮੰਤਰਾਲੇ ਦੁਆਰਾ ਸਕੂਲ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਦੇ ਤਿਆਰ ਕੀਤੇ ਗਏ ਈ-ਲਰਨਿੰਗ ਪਲੇਟਫਾਰਮ ਵਰਗੇ ਖ਼ੁਦ, ਦੀਕਸ਼ਾ, ਈ-ਬਸਤਾ, ਨੈਸ਼ਨਲ ਰਿਪਾਜ਼ਿਟਰੀ ਆਫ ਓਪਨ ਐਜੂਕੇਸ਼ਨਲ ਰਿਸੋਰਸਿਜ਼, ਸ਼ੋਧਗੰਗਾ, ਵਿਦਵਾਨ, ਈ-ਪੀਜੀ ਪਾਠਸ਼ਾਲਾ ਆਦਿ ਬਹੁਤ ਉਪਯੋਗੀ ਹਨ। ਸ਼੍ਰੇਣੀ 'ਚ ਪੜ੍ਹਾਈ-ਲਿਖਾਈ ਦੇ ਇਕ ਸੁਪੋਰਟਿੰਗ ਟੂਲ ਵਜੋਂ ਇਨ੍ਹਾਂ ਨੂੰ ਅਪਨਾਉਣਾ ਬੇਸ਼ੱਕ ਲਾਭਕਾਰੀ ਹੋਵੇਗਾ। ਭਾਰਤੀ ਸਿੱਖਿਆ ਪ੍ਰਣਾਲੀ ਵਿਚ ਸਭ ਤੋਂ ਵੱਡੀ ਮੁਸ਼ਕਲ ਦਰਪੇਸ਼ ਇਹ ਹੈ ਕਿ ਉੱਚ ਸਿੱਖਿਆ ਵਿਚ ਅਜੇ ਪ੍ਰਬੰਧ ਨਹੀਂ ਬਦਲਿਆ ਹੈ। ਅਸੀਂ ਅਜੇ ਵੀ ਬੱਚਿਆਂ ਨੂੰ ਲੈਕਚਰ ਦਿੰਦੇ ਹਾਂ ਜੋ ਕਿ ਸਿਰਫ ਇਕ ਪਾਸੜ ਕਾਰਵਾਈ ਹੈ। ਵਿਦਿਆਰਥੀਆਂ ਨਾਲ ਵਿਚਾਰ ਚਰਚਾ ਨਹੀਂ ਹੁੰਦੀ ਜਿਸ ਨਾਲ ਵਿਦਿਆਰਥੀਆਂ ਦੇ ਵਿਚਾਰ ਅਤੇ ਉਨ੍ਹਾਂ ਦੀ ਸੋਚਣ ਸ਼ਕਤੀ ਬਾਹਰ ਨਹੀਂ ਆਉਂਦੀ ਹੈ। ਅਜਿਹੀਆਂ ਚੁਣੌਤੀਆਂ ਦੇ ਅੰਤਰਗਤ ਉੱਚ ਸਿੱਖਿਆ ਵਿਚ ਆਨਲਾਈਨ ਸਿੱਖਿਆ ਨੂੰ ਲਾਗੂ ਕਰਨਾ ਆਪਣੇ ਆਪ ਵਿਚ ਵੱਡੀ ਸਮੱਸਿਆ ਹੈ। "ਵਿਦਿਆਰਥੀਆਂ ਦਾ ਦਿਮਾਗ ਕੋਈ ਕਾਰਖਾਨਾ ਨਹੀਂ ਹੈ ਕਿ ਜਿਸ ਵਿਚ ਤੁਸੀਂ ਜੋ ਚਾਹੋ ਕਿਸੇ ਵੀ ਵਸਤੂ ਦਾ ਉਤਪਾਦਨ ਕਰ ਸਕੋ। ਸਵਾਮੀ ਵਿਵੇਕਾਨੰਦ ਨੇ ਸਿੱਖਿਆ ਨੂੰ ਜੀਵਨ ਦਾ ਵਿਕਾਸ ਮੰਤਰ ਦੱਸਦੇ ਕਿਹਾ ਸੀ 'ਸਿਰਫ਼ ਸੂਚਨਾ ਪ੍ਰਾਪਤ ਕਰਨਾ ਕਿਤਾਬਾਂ ਤੋਂ ਸਿੱਖਣਾ ਜਾਂ ਇੱਛਾਵਾਂ 'ਤੇ ਰੋਕ ਲਾ ਕੇ ਯੰਤਰ ਬਣਾ ਦੇਣਾ ਸਿੱਖਿਆ ਨਹੀਂ ਹੈ' ਸਿੱਖਿਆ ਉਹ ਹੈ ਜੋ ਮਨੁੱਖ ਨੂੰ ਬਹਾਦਰ ਤੇ ਚਰਿੱਤਰਵਾਨ ਬਣਾਉਂਦੀ ਹੈ। ਦੇਸ਼ ਚ ਸਿੱਖਿਆ ਅਤੇ ਸਿੱਖਿਆ ਪ੍ਰਣਾਲੀ ਨੂੰ ਲੈ ਕੇ ਇਕ ਅਜੀਬ ਕਿਸਮ ਦੀ ਖਿੱਚੋਤਾਣ ਚੱਲ ਰਹੀ ਹੈ। ਸਿੱਖਿਆ ਪ੍ਰਣਾਲੀ ਦੇ ਸੁਧਾਰ ਲਈ ਪਿਛਲੇ 70 ਸਾਲਾਂ ਤੋਂ ਕੋਈ ਠੋਸ ਧਾਰਨਾ ਨਹੀਂ ਬਣ ਸਕੀ।"[11]

ਨਵੀਂ ਪੀੜ੍ਹੀ ਪੁਰਾਣੀ ਪੀੜ੍ਹੀ ਤੋਂ ਇਸ ਗੱਲ ਲਈ ਆਸਵੰਦ ਹੈ ਕਿ ਸ਼ਾਇਦ ਸਾਡੀ ਸਿੱਖਿਆ ਪ੍ਰਣਾਲੀ ਵਿਚ ਕੋਈ ਸੁਧਾਰ ਹੋ ਸਕੇ। ਆਨਲਾਈਨ ਸਿੱਖਿਆ ਦੇ ਸੰਦਰਭ ਵਿਚ ਜੇਕਰ ਭਾਰਤ ਦੀ ਗੱਲ ਕਰੀਏ ਤਾਂ ਬਹੁਤ ਸਾਰੀਆਂ ਕੰਪਨੀਆਂ ਨੇ ਪਹਿਲਾਂ ਹੀ ਇਸ ਦਿਸ਼ਾ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ਪਰ ਇੱਥੇ ਮਸਲਾ ਇਹ ਪੈਦਾ ਹੁੰਦਾ ਹੈ ਕੀ ਇਨ੍ਹਾਂ ਵਿਧੀਆਂ ਨੂੰ ਅਪਣਾਉਣ ਵਾਲੇ ਅਧਿਆਪਕ ਕੀ ਤਕਨੀਕੀ ਪੱਖ ਤੋਂ

ਇਸ ਗੱਲ ਲਈ ਤਿਆਰ ਹਨ। ਕੀ ਉਹ ਰਵਾਇਤੀ ਸਿੱਖਿਆ ਛੱਡ ਕੇ ਸਮੇਂ ਦੀ ਮੰਗ ਅਨੁਸਾਰ ਆਨਲਾਈਨ ਸਿੱਖਿਆ ਲਈ ਤਿਆਰ ਹੋ ਸਕਣਗੇ? ਸਿੱਖਿਆ ਵਿਚ ਆਨਲਾਈਨ ਮਾਧਿਅਮ ਨੂੰ ਵਿਕਸਤ ਕਰਨ ਵਿਚ ਭਾਰਤ ਵਰਗੇ ਦੇਸ਼ ਦੀ ਕੀ ਭੂਮਿਕਾ ਹੋਵੇਗੀ। ਇਹ ਆਪਣੇ ਆਪ ਵਿਚ ਇਕ ਸਵਾਲ ਹੈ। ਕੀ ਦੇਸ਼ ਵਿਚ ਇਸ ਤਰ੍ਹਾਂ ਦਾ ਪ੍ਰਬੰਧ ਹੈ ਕਿ ਉਹ ਆਨਲਾਈਨ ਸਿੱਖਿਆ ਲਈ ਬਹੁਤ ਵੱਡਾ ਨੈੱਟਵਰਕ ਖੜ੍ਹਾ ਕਰ ਸਕੇ? ਭਾਰਤ ਦੇ ਬਹੁਤੇ ਪਿੰਡਾਂ ਵਿਚ ਇਸ ਤਰ੍ਹਾਂ ਦੀ ਕੋਈ ਸੁਵਿਧਾ ਨਹੀਂ ਜੋ ਕਿ ਇੰਟਰਨੈਟ ਰਾਹੀਂ ਆਨਲਾਈਨ ਸਿੱਖਿਆ ਨੂੰ ਪ੍ਰਫੁੱਲਤ ਕਰ ਸਕਣ। "ਇਕ ਸਰਵੇਖਣ ਮੁਤਾਬਕ ਭਾਰਤ ਵਿਚ ਬ੍ਰਾਡਬੈਂਡ ਦੀ ਵਰਤੋਂ ਕਰਨ ਵਾਲਿਆਂ ਵਿਚੋਂ 32% ਕੋਲ ਸਿਗਨਲ ਪੂਰਾ ਨਹੀਂ ਪਹੁੰਚਦਾ। 53% ਕੁਨੈਕਸ਼ਨ ਬਹੁਤ ਕਮਜ਼ੋਰ ਹਨ ਅਤੇ 3% ਨੂੰ ਕੇਬਲ ਆਦਿ ਵਿਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ। ਦੇਸ਼ ਦੇ ਬਹੁਤੇ ਪਿੰਡਾਂ ਵਿਚ ਬਿਜਲੀ ਦੀ ਵੀ ਮਾੜੀ ਹਾਲਤ ਹੈ। ਬਹੁਤੇ ਪਿੰਡਾਂ ਵਿਚ ਸਿਰਫ ਅੱਠ ਘੰਟੇ ਬਿਜਲੀ ਹੀ ਪ੍ਰਾਪਤ ਹੁੰਦੀ ਹੈ। ਅਜਿਹੇ ਮਾਹੌਲ ਵਿਚ ਭਾਰਤ ਸਰਕਾਰ ਕਿਸ ਤਰ੍ਹਾਂ ਇੰਟਰਨੈੱਟ ਦੀ ਵਿਵਸਥਾ ਕਰੇਗੀ।"[12]

ਦੇਸ਼ ਦੇ ਕੁਝ ਪਿੰਡ ਅਜਿਹੇ ਹਨ ਜਿੱਥੇ ਅੱਜ ਤੱਕ ਅਖ਼ਬਾਰ ਨਹੀਂ ਪਹੁੰਚਿਆ ਉਥੇ ਅਤਿ ਆਧੁਨਿਕ ਸਹੂਲਤਾਂ ਪਹੁੰਚਾਉਣਾ ਸਰਕਾਰ ਲਈ ਬਹੁਤ ਵੱਡੀ ਚੁਣੌਤੀ ਹੈ। ਅਜਿਹੀ ਸਥਿਤੀ ਵਿਚ ਜਿੱਥੇ ਮੁੱਢਲੀਆਂ ਸਹੂਲਤਾਂ ਦੀ ਘਾਟ ਹੈ ਅਤੇ ਲੋਕ ਜੀਵਨ ਜੀਉਣ ਲਈ ਸੰਘਰਸ਼ ਕਰ ਰਹੇ ਹਨ, ਅਸਲ ਵਿਚ ਆਨਲਾਈਨ ਸਿੱਖਿਆ ਅਧਿਆਪਕਾਂ ਅਤੇ ਉਸ ਸਮਾਜ ਲਈ ਕੋਈ ਢੁਕਵਾਂ ਬਦਲ ਨਹੀਂ ਹੈ। "ਕਲਾਸ ਵਿਚ ਅਧਿਆਪਕ ਬੱਚਿਆਂ ਦੇ ਚਿਹਰੇ ਦੇ ਹਾਵ-ਭਾਵ ਪੜ੍ਹ ਕੇ ਪੜ੍ਹਾਉਂਦਾ ਹੈ ਅਤੇ ਵਿਦਿਆਰਥੀ ਗਤੀਵਿਧੀਆਂ ਤੇ ਪੂਰੀ ਤਰ੍ਹਾਂ ਨਜ਼ਰ ਵੀ ਰੱਖਦਾ ਹੈ ਜਿਸ ਸਦਕਾ ਵਿਦਿਆਰਥੀ ਸਮਾਜ ਵਿਚ ਇਕ ਚੰਗੀ ਸ਼ਖ਼ਸੀਅਤ ਦੇ ਗੁਣ ਪ੍ਰਾਪਤ ਕਰਕੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਚੁੱਕਣ ਦੇ ਕਾਬਲ ਬਣਦਾ ਹੈ।"[13] ਕੀ ਆਨਲਾਈਨ ਸਿੱਖਿਆ ਵਿਚ ਵਿਦਿਆਰਥੀ ਇਸ ਤਰ੍ਹਾਂ ਦੀਆਂ ਕਦਰਾਂ ਕੀਮਤਾਂ ਸਿੱਖ ਸਕੇਗਾ ਇਹ ਵੀ ਇਕ ਚੁਣੌਤੀਪੂਰਨ ਸਮੱਸਿਆ ਹੈ ਅਤੇ ਸਰਕਾਰ ਕੋਲ ਅਜਿਹੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਨਿੱਜੀ ਘਰਾਣਿਆਂ ਦੀ ਜ਼ਰੂਰਤ ਹੋਵੇਗੀ। ਸਿੱਖਿਆ ਦੇ ਖੇਤਰ ਵਿਚ ਜਦੋਂ ਨਿੱਜੀ ਹਿੱਸੇਦਾਰੀ ਵਧਦੀ ਹੈ ਤਾਂ ਸਿੱਖਿਆ ਪ੍ਰਾਪਤੀ ਆਮ ਲੋਕਾਂ ਦੀ ਪਹੁੰਚ ਚ ਬਾਹਰ ਨਿਕਲ ਜਾਂਦੀ ਹੈ।

ਉੱਚ ਸਿੱਖਿਆ ਨੂੰ ਜਦੋਂ ਅਸੀਂ ਆਧੁਨਿਕ ਸਾਧਨਾਂ ਰਾਹੀਂ ਵਿਦਿਆਰਥੀਆਂ ਤੱਕ ਲੈ ਕੇ ਜਾਵਾਂਗੇ ਜਾਂ ਇਹ ਜ਼ਰੂਰੀ ਅਤੇ ਯਕੀਨੀ ਬਣਾ ਦੇਵਾਂਗੇ ਕਿ ਉੱਚ ਸਿੱਖਿਆ ਸਿਰਫ਼ ਆਨਲਾਈਨ ਹੀ ਦਿੱਤੀ ਜਾਵੇਗੀ ਤਾਂ ਬਹੁਤ ਸਾਰੀਆਂ ਚੁਣੌਤੀਆਂ ਸਾਡੇ ਸਾਹਮਣੇ ਖੜ੍ਹੀਆਂ ਹੋਣਗੀਆਂ ਜੋ ਇਸ ਪ੍ਰਕਾਰ ਹਨ:

- ਭਾਰਤ ਜਿਹੇ ਦੇਸ਼ ਵਿਚ ਇੰਨੀ ਜਲਦੀ ਆਨਲਾਈਨ ਸਾਧਨਾਂ ਦੀ ਵਿਵਸਥਾ ਕਰਨੀ ਸ਼ਾਇਦ ਸੰਭਵ ਨਹੀਂ ਹੈ, ਜਿਨ੍ਹਾਂ ਵਿਚ ਵੱਖ ਵੱਖ ਪ੍ਰਕਾਰ ਦੇ ਸਾਫਟਵੇਅਰ ਕੰਪਿਊਟਰ ਅਤੇ ਅਤਿ ਆਧੁਨਿਕ ਉਪਕਰਨ ਲੋੜੀਂਦੇ ਹਨ।
- ਆਧੁਨਿਕ ਸਿੱਖਿਆ ਨੂੰ ਮੁਹੱਈਆ ਕਰਾਉਣ ਵਿਚ ਜੋ ਲੋਕ ਕੰਮ ਕਰਨਗੇ। ਉਹ ਤਕਨੀਕੀ ਤੌਰ 'ਤੇ ਬਹੁਤ ਜ਼ਿਆਦਾ ਪ੍ਰਫੁੱਲਿਤ ਹੋਣੇ ਚਾਹੀਦੇ ਹਨ ਪਰ ਇਸ ਲਈ ਬਹੁਤ ਜ਼ਿਆਦਾ ਤਕਨਾਲੋਜੀ ਦੀ ਜ਼ਰੂਰਤ ਪਵੇਗੀ।
- ਆਨਲਾਈਨ ਮਾਧਿਅਮ ਰਾਹੀਂ ਸਿੱਖਿਆ ਪ੍ਰਾਪਤ ਵਿਦਿਆਰਥੀ ਜਦੋਂ ਸਮਾਜ ਵਿਚ ਵਿਚਰੇਗਾ ਤਾਂ ਉਸ ਦੀ ਭਰੋਸੇਯੋਗਤਾ ਨੂੰ ਕੌਣ ਤੈਅ ਕਰੇਗਾ ਕਿ ਇਹ ਸਿੱਖਿਆ ਸਮਾਜ ਲਈ ਘਾਤਕ ਨਹੀਂ ਹੈ।
- ਕੀ ਆਨਲਾਈਨ ਸਿੱਖਿਆ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਜਿਸ ਵਿਚ ਉਸ ਦਾ ਚਰਿੱਤਰ, ਬੌਧਿਕ ਪੱਧਰ ਅਤੇ ਉਸ ਦੀ ਦੂਰ ਅੰਦੇਸ਼ੀ ਬਾਰੇ ਮਾਪਦੰਡ ਤੈਅ ਕਰ ਸਕੇਗੀ।
- "ਆਨਲਾਈਨ ਸਿੱਖਿਆ ਵਿਚ ਬਹੁਤ ਸਾਰੇ ਤੱਥਾਂ ਨੂੰ ਦੱਸਿਆ ਜਾਂਦਾ ਹੈ ਪਰ ਉਸ ਨੂੰ ਜ਼ਮੀਨੀ ਪੱਧਰ 'ਤੇ ਕਰਵਾਇਆ ਨਹੀਂ ਜਾਂਦਾ ਕਿ ਇਸ ਤਰ੍ਹਾਂ ਨਰੋਏ ਵਿਦਿਆਰਥੀ ਪੈਦਾ ਹੋ ਸਕਣਗੇ ਜੋ ਸਮਾਜ ਨੂੰ ਅੱਗੇ ਲੈ ਕੇ ਜਾ ਸਕਣਗੇ।"[14]

ਆਨਲਾਈਨ ਪੜ੍ਹਾਈ ਦਾ ਰੁਝਾਨ ਸਕੂਲੀ ਬੱਚਿਆਂ 'ਤੇ ਭਾਰੀ ਪੈਣ ਲੱਗਾ ਹੈ ਨਤੀਜੇ ਵਜੋਂ ਉਨ੍ਹਾਂ ਨੂੰ ਕਈ-ਕਈ ਘੰਟੇ ਕੰਪਿਊਟਰ, ਲੈਪਟਾਪ ਅਤੇ ਮੋਬਾਇਲ 'ਤੇ ਅੱਖਾਂ ਗੱਡਣੀਆਂ ਤੇ ਦਿਮਾਗ 'ਤੇ ਜ਼ੋਰ ਪਾਉਣਾ ਪੈ ਰਿਹਾ ਹੈ ਇਸ ਨਾਲ ਵਿਦਿਆਰਥੀ ਬੇਲੋੜੇ ਰੂਪ ਨਾਲ ਇਕੱਲੇ ਤੇ ਚਿੰਤਤ ਦਿਖਾਈ ਦੇਣ ਲੱਗੇ ਹਨ ਆਪਣੇ ਬੱਚਿਆਂ 'ਚ ਅਚਾਨਕ ਆਏ ਇਨ੍ਹਾਂ ਲੱਛਣਾਂ ਦੀ ਸ਼ਿਕਾਇਤ ਕਈ ਮਾਪਿਆਂ ਨੇ ਮਨੁੱਖੀ ਵਸੀਲੇ ਵਿਕਾਸ

ਮੰਤਰਾਲੇ ਅਤੇ ਕੇਂਦਰੀ ਸਕੂਲ ਸੰਗਠਨ ਨੂੰ ਕੀਤੀ ਹੈ।"ਬੱਚਿਆਂ ਨੂੰ ਇਸ ਮਾਨਸਿਕ ਤਣਾਓ 'ਚੋਂ ਉਭਾਰਨ ਲਈ ਮੰਤਰਾਲੇ ਨੇ 'ਮਾਨਕ ਕਿਰਿਆਸ਼ੀਲ ਪ੍ਰਕਿਰਿਆ: ਸਟੈਂਡਰਡ ਆਪਰੇਟਿਵ ਪ੍ਰੋਸੀਜ਼ਰ' ਅਪਣਾਉਣ ਦਾ ਫੈਸਲਾ ਲਿਆ ਹੈ ਸੰਖੇਪ 'ਚ 'ਐਸ.ਓ.ਪੀ' ਨਾਂਅ ਨਾਲ ਜਾਣੇ ਜਾਣ ਵਾਲੇ ਇਸ ਮੰਤਰ ਦਾ ਇਸਤੇਮਾਲ ਕੰਪਨੀਆਂ 'ਚ ਨਾਕਾਮੀ ਨੂੰ ਘੱਟ ਕਰਦੇ ਹੋਏ ਮੁਹਾਰਤ 'ਚ ਵਾਧਾ ਅਤੇ ਇਕਰੂਪਤਾ ਲਿਆਉਣ ਲਈ ਕੀਤਾ ਜਾਂਦਾ ਹੈ।"[15] ਵਿਦਿਆਰਥੀ ਦੇ ਸਰਵਪੱਖੀ ਵਿਕਾਸ ਵਿਚ ਵਿਦਿਅਕ ਸੰਸਥਾ ਅਤੇ ਉਸ ਨਾਲ ਜੁੜੀਆਂ ਸਾਰੀਆਂ ਸਹੂਲਤਾਂ ਹੀ ਉਸ ਨੂੰ ਤਣਾਓ ਮੁਕਤ ਰੱਖ ਕੇ, ਚੰਗਾ ਮਾਹੌਲ ਪ੍ਰਦਾਨ ਕਰ ਸਕਦੀ ਹਨ ਨਾ ਕਿ ਆਨਲਾਈਨ ਸਾਧਨਾਂ ਰਾਹੀ ਪ੍ਰਾਪਤ ਕੀਤੀ ਸਿੱਖਿਆ ਰਾਹੀਂ ਵਿਦਿਆਰਥੀ ਦਾ ਚਰਿੱਤਰ ਨਿਰਮਾਣ ਹੋ ਸਕਦਾ ਹੈ।

ਸਿੱਖਿਆ ਪ੍ਰਾਪਤ ਕਰਨਾ ਵਿਅਕਤੀ ਦਾ ਹੱਕ ਹੈ। ਸਮਕਾਲੀ ਪ੍ਰਸਥਿਤੀਆਂ ਵਿਚ ਰਵਾਇਤੀ ਸਿੱਖਿਆ ਦੇ ਨਾਲ ਨਾਲ ਆਨਲਾਈਨ ਸਿੱਖਿਆ ਦੀ ਵੀ ਆਪਣੀ ਭੂਮਿਕਾ ਹੈ। ਵੱਖਰੇ ਹਲਾਤਾਂ ਅਨੁਸਾਰ ਕੁਝ ਵਿਅਕਤੀ ਅਜਿਹੇ ਹੁੰਦੇ ਹਨ ਜੋ ਕਿਸੇ ਨਾ ਕਿਸੇ ਕਾਰਨ ਪੜ੍ਹਾਈ ਛੱਡ ਜਾਂਦੇ ਹਨ। ਅਜਿਹੇ ਵਿਅਕਤੀਆਂ ਲਈ ਆਨਲਾਈਨ ਸਿੱਖਿਆ ਬਹੁਤ ਹੀ ਵਧੀਆ ਮੌਕੇ ਪ੍ਰਦਾਨ ਕਰਦੀ ਹੈ, ਕਿਉਂਕਿ ਉਹ ਆਪਣੀ ਨੌਕਰੀ ਦੇ ਨਾਲ ਵੀ ਆਨਲਾਈਨ ਸਿੱਖਿਆ ਪ੍ਰਾਪਤ ਕਰ ਸਕਦੇ ਹਨ। ਵਰਤਮਾਨ ਸਮੇਂ ਵਿਚ ਵਧ ਰਹੇ ਆਨਲਾਈਨ ਸਿੱਖਿਆ ਦੇ ਖੇਤਰ ਵਿਚ ਇਹ ਗੱਲ ਵੀ ਪ੍ਰਾਪਤੀ ਵਾਲੀ ਹੈ ਕਿ ਇਸ ਪ੍ਰਕਾਰ ਦੀ ਸਿੱਖਿਆ ਵਿਚ ਹਰੇਕ ਵਿਦਿਆਰਥੀ ਬਰਾਬਰ ਹੈ। ਉਸ ਨਾਲ ਕਿਸੇ ਵੀ ਪ੍ਰਕਾਰ ਦਾ ਕੋਈ ਭੇਦ-ਭਾਵ ਹੋਣ ਦੀ ਸੰਭਾਵਨਾ ਨਹੀਂ ਹੈ, ਕਿਉਂਕਿ ਵਿਦਿਆਰਥੀ ਨੂੰ ਪੜਨਯੋਗ ਸਮੱਗਰੀ ਆਨਲਾਈਨ ਸਾਧਨਾਂ ਰਾਹੀਂ ਮਿਲਦੀ ਰਹਿੰਦੀ ਹੈ। ਉਹ ਨਿਰੰਤਰ ਆਪਣੀ ਸਫਲਤਾ ਵੱਲ ਵਧਦਾ ਰਹਿੰਦਾ ਹੈ। ਆਨਲਾਈਨ ਸਿੱਖਿਆ ਜਿੱਥੇ ਇਕ ਚੰਗੇ ਬਦਲ ਵਜੋਂ ਸਾਹਮਣੇ ਆ ਸਕਦੀ ਹੈ, ਉੱਥੇ ਹੀ ਕੁਝ ਅਜਿਹੇ ਕਾਰਨ ਵੀ ਹਨ ਜੋ ਇਸ ਦੀ ਕਾਮਯਾਬੀ ਵਿਚ ਰੁਕਾਵਟ ਪੈਦਾ ਕਰ ਸਕਦੇ ਹਨ। ਜਿਸ ਵਿਚ ਸਭ ਤੋਂ ਪਹਿਲਾਂ ਅਸੀਂ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਭਾਰਤ ਦੇ ਬਹੁਤ ਸਾਰੇ ਅਜਿਹੇ ਖੇਤਰ ਹਨ, ਜਿੱਥੇ ਅਜੇ ਤੱਕ ਬਿਜਲੀ ਨਹੀਂ ਪਹੁੰਚੀ, ਉੱਥੇ ਆਨਲਾਈਨ ਸਿੱਖਿਆ ਪਹੁੰਚਾਉਣਾ ਸਰਕਾਰ ਲਈ ਚੁਣੌਤੀਪੂਰਨ ਕੰਮ ਹੋਵੇਗਾ। ਆਨਲਾਈਨ ਸਿੱਖਿਆ ਵਿਚ ਵਰਤੇ ਜਾਣ ਵਾਲੇ ਸਾਧਨ ਜਾਂ ਉਪਕਰਨ ਮਹਿੰਗਾਈ ਦੇ ਦੌਰ ਵਿਚ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਨਜ਼ਰ ਆ ਰਹੇ ਹਨ। ਵਿਦਿਆਰਥੀ ਜਦੋਂ ਕਲਾਸ ਰੂਮ ਮਾਹੌਲ ਵਿਚ ਸਿੱਖਦਾ ਹੈ ਤਾਂ ਉਹ ਸਿੱਖਿਆ ਦੇ ਨਾਲ ਨਾਲ ਹੋਰ ਅਜਿਹੀਆਂ ਬਹੁਤ ਗੱਲਾਂ ਸਿੱਖਦਾ ਹੈ ਜੋ ਉਸ ਨੂੰ ਸਮਾਜ ਵਿਚ ਇਕ ਚੰਗਾ ਅਤੇ ਅਨੁਸ਼ਾਸਤ ਵਿਅਕਤੀ ਬਣਾਉਂਦੀਆਂ ਹਨ। ਅਧਿਆਪਕ ਦੇ ਸਨਮੁੱਖ ਹੋ ਕੇ ਵਿਦਿਆਰਥੀ ਜਿੱਥੇ ਸਿੱਖਿਆ ਪ੍ਰਾਪਤ ਕਰਦੇ ਹਨ ਉੱਥੇ ਨਾਲ-ਨਾਲ ਚੰਗੀਆਂ ਕਦਰਾਂ-ਕੀਮਤਾਂ ਵੀ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਸਮਾਜ ਵਿਚ ਜੇਕਰ ਅਸੀਂ ਸੰਤੁਲਿਤ ਉਸਾਰੀ ਕਰਨੀ ਹੈ ਤਾਂ ਸਾਨੂੰ ਚੰਗੇ ਵਿਦਿਆਰਥੀ ਪੈਦਾ ਕਰਨੇ ਪੈਣਗੇ ਨਾ ਕਿ ਤਕਨਾਲੋਜੀ ਦੇ ਇਸ ਯੁੱਗ ਵਿਚ ਸਿਰਫ ਵਸਤੂਆਂ ਦੀ ਉਸਾਰੀ ਕੀਤੀ ਜਾਵੇ। ਆਨਲਾਈਨ ਸਿੱਖਿਆ ਉੱਚ ਸਿੱਖਿਆ ਵਿਚ ਇਕ ਚੰਗਾ ਬਦਲ ਤਾਂ ਹੋ ਸਕਦੀ ਹੈ ਪਰ ਜੇਕਰ ਅਸੀਂ ਕਹੀਏ ਕਿ ਪੂਰੇ ਦਾ ਪੂਰਾ ਪ੍ਰਬੰਧ ਅਸੀਂ ਇਸ ਬਦਲ ਉੱਪਰ ਸਥਾਪਿਤ ਕਰ ਸਕਦੇ ਹਾਂ ਤਾਂ ਇਹ ਸੰਭਵ ਨਹੀਂ ਹੈ। ਇਸ ਲਈ ਸਾਨੂੰ ਕੋਈ ਵੀ ਅਜਿਹਾ ਫ਼ੈਸਲਾ ਲੈਣ ਤੋਂ ਪਹਿਲਾਂ ਇਹ ਸੋਚਣਾ ਚਾਹੀਦਾ ਹੈ ਕਿ ਸਾਡੀ ਰਵਾਇਤੀ ਸਿੱਖਿਆ ਪ੍ਰਣਾਲੀ, ਜਿੱਥੇ ਲੋਕਾਂ ਨੂੰ ਗਿਆਨ ਦਿੰਦੀ ਹੈ, ਉੱਥੇ ਨਾਲ ਨਾਲ ਲੋਕਾਂ ਨੂੰ ਰੁਜ਼ਗਾਰ ਦੇ ਮੌਕੇ ਵੀ ਦਿੰਦੀ ਹੈ। ਸੋ ਅਸੀਂ ਅੰਤ ਵਿਚ ਇਹ ਕਹਿ ਸਕਦੇ ਹਾਂ ਕਿ ਕਿਸੇ ਵੀ ਪ੍ਰਬੰਧ ਨੂੰ ਲਾਗੂ ਕਰਨ ਤੋਂ ਪਹਿਲਾਂ ਉਸ ਦੀਆਂ ਕਮੀਆਂ ਅਤੇ ਪ੍ਰਾਪਤੀਆਂ ਨੂੰ ਅਗਾਊਂ ਵਿਚਾਰ ਲੈਣਾ ਬਹੁਤ ਜ਼ਰੂਰੀ ਹੈ।

**ਹਵਾਲੇ :**


1. ਸੰਪਾਦਕੀ, **ਪੰਜਾਬੀ ਜਾਗਰਣ ਅਖਬਾਰ**, 10 ਦਸੰਬਰ 2020
2. ਮੱਖਣ ਕੁਹਾੜ, **ਨਵੀਂ ਦੁਨੀਆ ਅਖ਼ਬਾਰ**, 12 ਅਕਤੂਬਰ 2020
3. ਪਾਵੇਲ, **ਲਲਕਾਰ**, 16 ਜੂਨ 2019
4. Adhav Kishor, Higher education in the twenty first century, **University News,** Vol.40 (24), p1-3.

5. Dasgupta, Pinaik and Mishra, Pramod, Industry - Academic interaction: when will they interact, **University News,** Dec2002, p1.
6. India, Ministry of Human Resource Development (2005), **Annual Report** 2004-2005.
7. Bhagwati, Jagdish(1993), **India in transition: freeing the economy,** Oxford, Clarendon Press.
8. Rhoades, Gary, Higher education in a consumer society, **The Journal of Higher Education,** February1987, p1
9. https://www.punjabijagran.com/editorial/general-online-education-and-problems-2O-May-2020
10. Dilip K Dora & Ashok K Nanda (2003)- Value-crisis in Academics: The way out – **University News** Vol. 41(22) Pg 11-14
11. Hutchins, R.M. (1970), **Learning society,** Penguine books.
12. https://lalkaar.wordpress.com/carona-moke-lalkaar-16-may-2020/
13. R.Hariharan – Values and Ethics in Technical Education – **University News** Vol. 41(23) Pg 1-3
14. Bajaj,K.K., Dynamics of college teaching perspective and challenges, **University News,**Vol..39(49), 2001, p.6.
15. Agarwal, Pawan (2006), Thei Higher Education Summit, Private Higher Education: Opportunities and Challenges, March 23-24, 2006, New Delhi organised by FICCI in collaboration with UGC.

◈